# 13

# ਇਮਾਨਦਾਰੀ ਨਾਲ ਰਹਿਣਾ

## (6:1–18)

ਯਿਸੂ ਨੇ ਆਪਣੇ ਚੇਲਿਆਂ ਕੋਲ ਐਲਾਨ ਕੀਤਾ ਸੀ, ''ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿਚ ਕਿਸੇ ਬਿਧ ਨਾ ਵੜੋਗੇ'' (5:20)। ਉਸ ਦਾ ਤਹਿ ਸ਼ਬਦ ਉਸ ਸਭ ਦਾ ਸਾਰ ਸਨ ਜਿਹੜਾ ਪਹਾੜੀ ਉਪਦੇਸ਼ ਵਿਚ ਆਉਣ ਵਾਲਾ ਸੀ।

ਉਪਦੇਸ਼ ਦੇ ਪਹਿਲੇ ਭਾਗ ਮੱਤੀ 5:21–48 ਵਿਚ ਯਿਸੂ ਨੇ ਆਪਣੀ ਸਿੱਖਿਆ ਪਹਿਲਾਂ ਕਹੀਆਂ ਗਈਆਂ ਆਪਣੀਆਂ ਗੱਲਾਂ ਅਤੇ ਯਹੂਦੀਆਂ ਦੀਆਂ ਰੀਤਾਂ ਵਿਚ ਪੰਜ ਫ਼ਰਕ ਦੇ ਕੇ ਤਿਆਰ ਕੀਤੀ। ਉਪਦੇਸ਼ ਦੀਆਂ ਆਪਣੀਆਂ ਗੱਲਾਂ ਦੇ ਦੂਜੇ ਭਾਗ, 6:1–18 ਵਿਚ ਉਸਨੇ ਧਾਰਮਿਕ ਰੂਪਾਂ ਅਤੇ ਮਨ ਭਾਵ ਬਾਹਰੀ ਰੀਤਾਂ ਦੇ ਉਲਟ ਸੱਚੇ ਧਰਮ ਦੀ ਗੱਲ ਕੀਤੀ।[1]

ਆਮ ਚਿਤਾਵਨੀ (6:1) ਦੇ ਬਾਅਦ ਯਿਸੂ ਨੇ ਦਾਨ ਦੇਣ (6:2–4), ਦੁਆ ਕਰਨ (6:5–15), ਅਤੇ ਰੋਜ਼ਾ ਰੱਖਣ (6:16–18)। ਦੀਆਂ ਤਿੰਨ ਵੱਡੀਆਂ ਉਦਾਹਰਣਾਂ ਦਿੱਤੀਆਂ। ਕ੍ਰੇਗ ਐਸ. ਕੀਨਰ ਨੇ ਲਿਖਿਆ ਹੈ ਕਿ ਯਹੂਦੀ ਗੁਰੂਆਂ ਲਈ ਆਪਣੀ ਹਦਾਇਤ ਵਿਚ ਇਨ੍ਹਾਂ ਤਿੰਨਾਂ ਉਦਾਹਰਣਾਂ ਦੇ ਸਮੂਹ ਦੀ ਵਰਤੋਂ ਕਰਨਾ ਆਮ ਹੈ।

### ਆਮ ਚਿਤਾਵਨੀ (6:1)

**1 ''ਖ਼ਬਰਦਾਰ, ਤੁਸੀਂ ਆਪਣੇ ਧਰਮ ਦੇ ਕੰਮ ਮਨੁੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਵਿਖਾਉਣ ਲਈ ਨਾ ਕਰੋ ਨਹੀਂ ਤਾਂ ਤੁਹਾਡੇ ਪਿਤਾ ਕੋਲ ਜਿਹੜਾ ਸੁਰਗ ਵਿਚ ਹੈ ਤੁਹਾਡਾ ਕੁਝ ਫਲ ਨਹੀਂ।''**

**ਆਇਤ 1.** ਦਾਨ ਦੇਣ, ਦੁਆ ਕਰਨ ਅਤੇ ਰੋਜ਼ਾ ਰੱਖਣ ਦੇ ਵਿਸ਼ਿਆਂ ਤੇ ਆਪਣੇ ਢੰਗ ਤੇ ਇਕ ਅਰਥ ਵਿਚ ਯਿਸੂ ਨੇ ਕਿਹਾ, ''ਜੋ ਕੁਝ ਮੈਂ ਕਹਿਣ ਵਾਲਾ ਹਾਂ, ਉਸ ਨੂੰ ਗੌਰ ਨਾਲ ਸੁਣੋ।'' **ਖ਼ਬਰਦਾਰ** ਦਾ ਯੂਨਾਨੀ ਸ਼ਬਦ (*prosecho*) ''ਫੜੋ,'' ''ਗੌਰ ਕਰੋ,'' ਅਤੇ ''ਖ਼ਬਰਦਾਰ ਰਹੋ'' ਦਾ ਸੁਝਾਅ ਦਿੰਦਾ ਹੈ। ਯਿਸੂ ਆਪਣੇ ਚੇਲਿਆਂ ਨੂੰ **ਧਰਮ** ਦੇ ਆਪਣੇ ਕੰਮਾਂ ਲਈ ਗ੍ਰੰਥੀਆਂ ਅਤੇ ਫ਼ਰੀਸੀਆਂ ਵਰਗਾ ਰਵੱਈਆ ਅਪਨਾਉਣ ਦੇ ਖ਼ਿਲਾਫ਼ ਚਿਤਾਵਨੀ ਦੇ ਰਿਹਾ ਸੀ। ''ਧਰਮ'' (*dikaiosune*) ਸ਼ਬਦ 5:20 ਤੋਂ ਦੁਹਰਾਇਆ ਗਿਆ ਹੈ। ਟੈਕਸਟਸ ਰੀਸੈਪਟਸ ਦੇ ਅਧਾਰ ਤੇ KJV ਵਿਚ ਆਇਤ 1 ਵਿਚ ''ਧਰਮ'' ਦੀ ਥਾਂ ''ਦਾਨ'' ਹੈ। ਪਰ ''ਧਰਮ'' ਸ਼ਬਦ ਉੱਤਮ ਹੈ ਅਤੇ 6:1 ਵਿਚ ਅਸਲ ਵਿਚ ਦਾਨ ਤੇ ਕੀਤੀ ਗਈ 6:2–4 ਦੀ ਚਰਚਾ ਤੇ ਸੰਖੇਪ ਪਰੀਚੈ ਨਾਲੋਂ 6:2–18 ਦਾ ਆਮ ਪਰੀਚੈ ਹੈ।

ਅਸਲ ਧਰਮ ਸਾਫ਼ ਦਿਲ ਤੋਂ ਅੱਡ ਹੋਈਆਂ ਧਾਰਮਿਕ ਗਤਿਵਿਧੀਆਂ ਕਰਨ ਦੇ ਖੋਖਲੇ, ਬਾਹਰੀ ਦਿਖਾਵੇ ਤੋਂ ਬਚਦਾ ਹੈ। ਕਰਮਾਂ ਦਾ ਮੁਜ਼ਾਹਿਰਾ **ਮਨੁੱਖਾਂ ਦੇ ਸਾਹਮਣੇ** ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੇ ਉਲਟ ਉਨ੍ਹਾਂ ਨੂੰ ਖ਼ੁਦਾ ਨੂੰ ਇੱਜ਼ਤ ਅਤੇ ਵਡਿਆਈ ਦੇਣ ਲਈ ਸਮਰਪਿਤ ਮਨਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਜੇ ''ਧਰਮ'' ਦੇ ਕੰਮ ਖ਼ੁਦਾ ਅਤੇ ਸਾਥੀ ਮਨੁੱਖ ਲਈ ਪ੍ਰੇਮ ਦੇ ਕਾਰਣ ਨਹੀਂ ਕੀਤੇ ਜਾਂਦੇ ਤਾਂ ਉਹ ਫ਼ਜ਼ੂਲ ਅਤੇ ਕਿਸੇ ਕੰਮ ਦੇ ਨਹੀਂ ਹਨ (1 ਕੁਰਿੰਥੀਆਂ 13:1–3)। ਗਲਤ ਪ੍ਰੇਰਣਾ ਨਾਲ

ਧਾਰਮਿਕ ਕੰਮ ਕਰਨ ਵਾਲੇ ਲੋਕਾਂ ਨੂੰ **ਪਿਤਾ ਵੱਲੋਂ ਕੁਝ ਫਲ ਨਹੀਂ** ਮਿਲੇਗਾ। ‘‘ਫਲ’’ (*misthos*) ਸ਼ਬਦ ਸਾਡੇ ਦਾਨ ਦੇਣ (6:2), ਦੁਆ (6:5), ਅਤੇ ਰੋਜ਼ਾ ਰੱਖਣ (6:16) ਲਈ ਖ਼ੁਦਾ ਦੇ ਜਵਾਬ ਦੇ ਸਬੰਧ ਵਿਚ ਸੰਕੇਤ ਦੇ ਰੂਪ ਵਿਚ ਹਰ ਵਿਸ਼ੇ ਦੇ ਸ਼ੁਰੂ ਵਿਚ ਦੁਹਰਾਇਆ ਗਿਆ ਹੈ।

## ਦੇਣਾ (6:2-4)

**2 ‘‘ਸੋ ਜਦ ਤੂੰ ਦਾਨ ਕਰੇਂ ਆਪਣੇ ਮੂਹਰੇ ਤੁਰਹੀ ਨਾ ਵਜਵਾ ਜਿਸ ਪਰਕਾਰ ਕਪਟੀ ਸਮਾਜਾਂ ਅਤੇ ਰਸਤਿਆਂ ਵਿਚ ਕਰਦੇ ਹਨ ਭਈ ਲੋਕ ਉਨ੍ਹਾਂ ਦੀ ਵਡਿਆਈ ਕਰਨ। ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਉਹ ਆਪਣਾ ਫਲ ਪਾ ਚੁੱਕੇ। 3 ਪਰ ਜਾਂ ਤੂੰ ਦਾਨ ਕਰੇਂ ਤਾਂ ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ ਜਾਣੇ। 4 ਭਈ ਤੇਰਾ ਦਾਨ ਗੁਪਤ ਵਿਚ ਹੋਵੇ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿਚ ਵੇਖਦਾ ਹੈ ਤੈਨੂੰ ਫਲ ਦੇਵੇ।’’**

**ਆਇਤ 2.** ਯੂਨਾਨੀ ਸ਼ਬਦ *hoton* ਧਰਮ ਦੇ ਕੰਮਾਂ ਦੀ ਗੱਲ ਕਰਨ ਵਾਲੇ ਹਰੇਕ ਭਾਗ ਦੇ ਆਰੰਭ ਦੇ ਪ੍ਰਤੀਕ ਦਾ ਕੰਮ ਕਰਦਾ ਹੈ ਜਿਸ ਦਾ ਅਨੁਵਾਦ **ਜਦ** ਜਾਂ ‘‘ਜਾਂ’’ ਹੋਇਆ ਹੈ (6:2, 5, 16)। ਯਿਸੂ ਇਹ ਮੰਨ ਕੇ ਚੱਲਿਆ ਕਿ ਉਸਦੇ ਸੁਣਨ ਵਾਲੇ ਪਹਿਲਾਂ ਹੀ ਦਾਨ ਕਰਨ, ਦੁਆ ਕਰਨ ਅਤੇ ਰੋਜ਼ਾ ਰੱਖਣ ਦੇ ਧਰਮ ਦੇ ਕੰਮਾਂ ਵਿਚ ਲੱਗੇ ਹੋਏ ਹਨ। ਯਹੂਦੀ ਲੋਕਾਂ ਤੋਂ ਅਜਿਹੀਆਂ ਗਤੀਵੀਧੀਆਂ ਦੀ ਉਮੀਦ ਰੱਖੀ ਜਾਂਦੀ ਸੀ।

ਅਨੁਵਾਦ ਹੋਏ ਸ਼ਬਦ **ਤੂੰ ਦਾਨ ਕਰੇਂ** (*eleemosune*) ਦਾ ਅਰਥ ਆਮ ਤੌਰ ਤੇ ਦਯਾ ਜਾਂ ਰਹਿਮ ਦੇ ਕਿਸੇ ਵੀ ਕੰਮ ਦੇ ਸਬੰਧ ਵਿਚ ਹੋ ਸਕਦਾ ਹੈ। ਇਸ ਵਿਚ ਸਿਰਫ਼ ਹਮਦਰਦੀ ਭਰੇ ਜਜ਼ਬਾਤ ਹੀ ਨਹੀਂ ਬਲਕਿ ਮੁਸੀਬਤ ਵਿਚ ਪਏ ਲੋਕਾਂ ਨੂੰ ਰਾਹਤ ਦੇਣ ਲਈ ਇਮਾਨਦਾਰੀ ਨਾਲ ਕੀਤੇ ਗਏ ਕੰਮ ਹਨ। ਯਾਕੂਬ ਦੇ ਮੁਤਾਬਿਕ ਸਿਰਫ਼ ਚੰਗੀਆ ਭਾਵਨਾਵਾਂ ਰੱਖਣਾ ਹੀ ਕਾਫ਼ੀ ਨਹੀਂ ਹੈ। ਮਸੀਹੀ ਆਦਮੀ ਪਿਆਰ ਦੇ ਆਪਣੇ ਕੰਮਾਂ ਨਾਲ ਮੁਸ਼ਕਿਲਾਂ ਨੂੰ ਘੱਟ ਕਰਨਾ ਚਾਹੁੰਦਾ ਹੈ (ਯਾਕੂਬ 2:14–16)।

ਇਸ ਸੰਦਰਭ ਵਿਚ *eleemosune* ਸ਼ਬਦ ਵਧੇਰੇ ਸਪੱਸ਼ਟ ਰੂਪ ਵਿਚ ਯਹੂਦੀਆਂ ਦੇ ਕੰਗਾਲਾਂ ਨੂੰ ਦਾਨ ਦੇਣ ਦੇ ਸਬੰਧ ਵਿਚ ਹੈ (KJV; NRSV)। KJV ਅਤੇ NRSV ਵਿਚ ਨਵੇਂ ਨੇਮ ਵਿਚ ਇਸ ਸ਼ਬਦ ਨੂੰ ਹੋਰ ਥਾਂ ‘‘ਦਾਨ’’ ਵੀ ਅਨੁਵਾਦ ਕੀਤਾ ਗਿਆ ਹੈ (ਲੂਕਾ 11:41; 12:33; ਰਸੂਲਾਂ ਦੇ ਕੰਮ 3:2; 9:36; 10:2; 24:17)। ਮਾਈਕਲ ਜੇ. ਵਿਲਕਿੰਸ ਦੀ ਟਿੱਪਣੀ ਹੈ, ‘‘ਪੁਰਾਣੇ ਜ਼ਮਾਨੇ ਦੇ ਕਿਸਾਨ ਸਮਾਜਾਂ ਵਿਚ ਗਰੀਬੀ ਦੂਰ–ਦੂਰ ਤਕ ਪਾਈ ਜਾਂਦੀ ਸੀ ਅਤੇ ਇਸਰਾਏਲੀ ਲੋਕ ਗ਼ਰੀਬਾਂ ਲਈ ਉਪਾਅ ਕਰਨ ਦੀ ਜ਼ਿੰਮੇਵਾਰੀ ਨੂੰ ਬੜੀ ਸੰਜੀਦਗੀ ਨਾਲ ਲੈਂਦੇ ਸਨ (ਤੁਲਣਾ ਵਿਵਸਥਾਸਾਰ 15:11)।’’[2]

ਪ੍ਰਭੂ **ਲੋਕਾਂ** ਤੋਂ **ਵਡਿਆਈ** ਪਾਉਣ ਦੇ ਮਕਸਦ ਨਾਲ ਗਰੀਬਾਂ ਨੂੰ ਦੇਣ ਨੂੰ ਗਲਤ ਕਹਿ ਰਿਹਾ ਸੀ। ਰੱਬੀਆਂ ਨੇ ਯਹੂਦੀ ਲੋਕਾਂ ਵਿਚ ਦਾਨ ਨੂੰ ਐਨਾ ਵਿਗਾੜ ਦਿੱਤਾ ਸੀ ਕਿ ਬਹੁਤੇ ਇਹੀ ਮੰਨਣ ਲੱਗ ਪਏ ਸਨ ਕਿ ਉਹ ਆਪਣੀ ਮੁਕਤੀ ਨੂੰ ਖ਼ਰੀਦ ਸਕਦੇ ਹਨ। ਅਪੋਕ੍ਰਿਫਾ ਦੀ ਇਕ ਕਿਤਾਬ ਟੋਬੀਟ ਦੀ ਕਿਤਾਬ ਵਿਚ ਕਿਹਾ ਗਿਆ ਹੈ, ‘‘ਦਾਨ ਦੇਣਾ ਮੌਤ ਤੋਂ ਬਚਾਉਂਦਾ ਹੈ ਅਤੇ ਹਰ ਤਰ੍ਹਾਂ ਦੇ ਪਾਪ ਨੂੰ ਮਾਫ਼ ਕਰ ਦਿੰਦਾ ਹੈ।’’[3]

ਯਿਸੂ ਨੇ ਆਪਣੇ ਚੇਲਿਆਂ ਨੂੰ ਦਾਨ ਦੇਣ ਵਿਚ ਕਪਟੀ ਹੋਣ ਬਾਰੇ ਖ਼ਬਰਦਾਰ ਰਹਿਣ ਲਈ ਕਿਹਾ। ਉਸਨੇ ਇਹ ਵੀ ਕਿਹਾ ਕਿ **ਸਮਾਜਾਂ ਅਤੇ ਰਸਤਿਆਂ ਵਿਚ** ਆਪਣੇ ਮੂਹਰੇ **ਤੁਰਹੀ ਵਜਵਾਉਣਾ** ਇਨ੍ਹਾਂ ਲੋਕਾਂ ਨੂੰ ਪਸੰਦ ਹੈ। ਭਲਾ ਇਸ ਟਿੱਪਣੀ ਦਾ ਅਰਥ ਅਸੀਂ ਇਹੀ ਕੱਢੀਏ ਕਿ ਅਮੀਰ ਫ਼ਰੀਸੀ ਅਸਲ

ਵਿਚ ਦਾਨ ਦੇਣ ਲੱਗਿਆਂ ਤੁਰ੍ਹੀ ਵਜਵਾਉਂਦੇ ਸਨ ਤਾਂ ਜੋ ਲੋਕ ਉਨ੍ਹਾਂ ਨੂੰ ਵੇਖਣ ਅਤੇ ਉਨ੍ਹਾਂ ਦੀ ਵਾਹ ਵਾਹ ਕਰਨ? ਕਈਆਂ ਦਾ ਮੰਨਣਾ ਇਹੀ ਹੈ। ਪਰ ਹੋਰਨਾਂ ਦਾ ਸੁਝਾਅ ਹੈ ਕਿ ਤੁਰ੍ਹੀਆਂ ਹੈਕਲ ਵਿਚ ਦਾਨ ਜਮ੍ਹਾ ਕੀਤੇ ਜਾਣ ਵੇਲੇ ਵਜਾਈਆਂ ਜਾਂਦੀਆਂ ਸਨ। ਦਾਨ ਜਮ੍ਹਾਂ ਕਰਨ ਲਈ *ਸ਼ੋਫ਼ਰ* (*shofar*) ਦੀਆਂ ਤੇਰਾਂ ਤਿਜੋਰੀਆਂ ਸ਼ੋਫ਼ਰ (*shopar,* ਜਿਸ ਦਾ ਅਰਥ ਇਬਰਾਨੀ ਭਾਸ਼ਾ ਵਿਚ ''ਸਿੰਗ'' ਹੈ) ਦਾ ਅਕਾਰ ਤੁਰਹੀਆਂ (ਭੇਡੂਆਂ ਦੇ ਸਿੰਗਾਂ) ਵਰਗਾ ਸੀ।[4] ਦਿੱਤੇ ਗਏ ਧਨ ਨੂੰ ਚੋਰੀ ਕਰਨ ਲਈ ਚੋਰਾਂ ਦਾ ਹੱਥ ਪਹੁੰਚਣ ਤੋਂ ਰੋਕਣ ਲਈ ਉਨ੍ਹਾਂ ਦੇ ਮੂੰਹ ਲੰਮੇ, ਸੁਰਾਹਨੁਮਾ ਹੁੰਦੇ ਸਨ। ਸਿੱਕੇ ਇਨ੍ਹਾਂ ਭਾਂਡਿਆਂ ਵਿਚ ਪੈਂਦਿਆਂ ਸਾਰ ਉਨ੍ਹਾਂ ਦੀ ਖਣ ਖਣ ਨਾਲ ਲੋਕਾਂ ਦਾ ਧਿਆਨ ਖਿੱਚਿਆ ਜਾਂਦਾ ਸੀ। ਉਨ੍ਹਾਂ ਸਿੱਕਿਆਂ ਦੀ ਆਵਾਜ਼ ਨਾਲ ਕੁਝ ਹੱਦ ਤਕ ਪਾਏ ਗਏ ਧਨ ਦੀ ਰਕਮ ਦਾ ਵੀ ਅੰਦਾਜ਼ਾ ਹੋ ਜਾਂਦਾ ਸੀ (ਵੇਖੋ ਲੂਕਾ 21:1, 2)।

ਸਾਡੇ ਕੋਲ ਬਾਈਬਲ ਤੋਂ ਬਾਹਰਲਾ ਸਬੂਤ ਨਹੀਂ ਹੈ ਜਿਸ ਵਿਚ ਕਿਸੇ ਨੇ ਦਾਨ ਦੇਣ ਲੱਗਿਆਂ *ਨਿੱਜੀ ਤੌਰ ਤੇ* ਤੁਰਹੀ ਵਜਵਾਈ ਹੋਵੇ। ਸਾਡੇ ਪ੍ਰਭੂ ਵੱਲੋਂ ਦਿੱਤੀ ਗਈ ਤਸਵੀਰ ਸ਼ਾਇਦ ਦਾਨ ਦੇਣ ਵੇਲੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਨੂੰ ਵਿਖਾਉਣ ਦਾ ਸੰਕੇਤਕ ਢੰਗ ਵੀ ਸੀ। ਜਿਵੇਂ ਕਿ ਜੈਕ ਪੀ. ਲੂਈਸ ਨੇ ਨਿਚੋੜ ਕੱਢਿਆ ਹੈ ਕਿ ਇਹ ''ਤੁਹਾਡੇ 'ਆਪਣੇ ਹੀ ਸਿੰਗ ਦੀ ਤੂਤੀ ਵਜਾਉਣ' ਵਰਗੀ ਅਲੰਕਾਰਿਕ ਅਭਿਵਿਅਕਤੀ'' ਹੈ।[5] ਉਨ੍ਹਾਂ ਦਾ ਮੰਨਣਾ ਸੀ ਕਿ ਇਹ ਅਭਿਵਿਅਕਤੀ ਇਸ ਤੱਥ ਤੋਂ ਲਈ ਗਈ ਕਿ ਬਾਰਿਸ਼ ਲਈ ਪਤਝੜ ਦੇ ਆਮ ਰੋਜ਼ਿਆਂ ਵੇਲੇ ਭੇਡੂਆਂ ਦੇ ਸਿੰਗ ਵਜਾਏ ਜਾਂਦੇ ਅਤੇ ਦਾਨ ਦਿੱਤੇ ਜਾਂਦੇ ਸਨ।[6]

ਯਿਸੂ ਨੇ ਉਨ੍ਹਾਂ ਨੂੰ ਜਿਹੜੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ ਦਾਨ ਦਿੰਦੇ ਸਨ **ਕਪਟੀ** ਆਖਿਆ। ਇਸ ਦਾ ਅੰਗ੍ਰੇਜ਼ੀ ਸ਼ਬਦ ''*hypocrites*'' ਯੂਨਾਨੀ ਭਾਸ਼ਾ ਦੇ *hupokrites* ਦਾ ਬਦਲਵਾਂ ਰੂਪ ਹੈ, ਜਿਸ ਨੂੰ ਉਸਦੇ ਮੂਲ ਅਰਥ ਵਿਚ ''ਨਾਟਕ ਦੇ ਕਲਾਕਾਰ'' ਲਈ ਵਰਤਿਆ ਜਾਂਦਾ ਸੀ। ਯਿਸੂ ਰੰਗਮੰਚ ਤੋਂ ਵਾਕਫ਼ ਸੀ। ਯਕੀਨਨ ਹੀ ਉਹ ਨਾਸਰਤ ਤੋਂ ਕੁਝ ਮੀਲ ਦੂਰ ਇਕ ਗੈਰਕੌਮ ਨਗਰ ਸਿਫੁਰਿਸ ਤੋਂ ਵਾਕਫ਼ ਸੀ। ਪਰ ਇਸ ਸਮੇਂ ਤੋਂ ਪਹਿਲਾਂ *hupocrites* ਸ਼ਬਦ ਦੀ ਵਰਤੋਂ ਯਹੂਦੀ ਲੋਕਾਂ ਵਿਚ ਵਿਖਾਵਾ ਕਰਨ ਵਾਲਿਆਂ ਲਈ ਪਹਿਲਾਂ ਹੀ ਕੀਤੀ ਜਾ ਰਹੀ ਸੀ।[7] ''*[ਇਹ ਲੋਕ]* ਮੁਖੌਟੇ ਵਾਲੇ ਧਰਮ ਦੇ ਬਾਹਰੀ ਕੰਮ ਕਰ ਰਹੇ ਸਨ, ਜਦਕਿ ਅੰਦਰੋਂ ਉਹ ਭਰਸ਼ਟ ਸਨ। ਉਨ੍ਹਾਂ ਦੇ ਕਪਟ ਦਾ ਖ਼ਾਸਕਰ ਇੱਥੇ ਅਰਥ *ਗਲਤ ਕਾਰਣਾਂ* ਲਈ *ਸਹੀ ਕੰਮ* ਕਰਨਾ ਹੈ।''[8] ਮੱਤੀ ਵਿਚ ''ਕਪਟ'' ਸ਼ਬਦ ਕਈ ਹੋਰ ਥਾਂਵਾਂ ਦੇ ਨਾਲ ਨਾਲ (7:5; 15:7; 22:18; 23:13, 15, 23, 25, 27, 29; 24:51) ਧਰਮ ਨਾਲ ਜੁੜੇ ਹਰ ਭਾਗ ਦੇ ਆਰੰਭ ਵਿਚ ਮਿਲਦਾ ਹੈ (6:2, 5, 16)।

ਯਿਸੂ ਨੇ ਕਿਹਾ ਕਿ ਜੇ ਇਹ ਲੋਕ ਸਿਰਫ਼ ਪਛਾਣ ਬਣਾਉਣ ਲਈ ਹੀ ਦਾਨ ਕਰਦੇ ਹਨ ਤਾਂ **ਉਹ ਆਪਣਾ ਫਲ ਪਾ ਚੁੱਕੇ।** ''ਉਹ ... ਪਾ ਚੁੱਕੇ'' ਇਕ ਯੂਨਾਨੀ ਸ਼ਬਦ ਦਾ ਅਨੁਵਾਦ ਹੈ ਜਿਹੜਾ *apecho* ਤੋਂ ਲਿਆ ਗਿਆ ਹੈ। ਪ੍ਰਾਚੀਨ ਜਗਤ ਵਿਚ ਹਿਸਾਬ-ਕਿਤਾਬ ਦੀ ਭਾਸ਼ਾ ਵਿਚ ਰਸੀਦ ਦੇ ਹੇਠਾਂ ਵਰਤੇ ਜਾਣ ਵਾਲੇ ਇਸ ਸ਼ਬਦ ਦਾ ਅਰਥ ਸੀ ''ਪੂਰੀ ਰਕਮ ਚੁਕਾ ਦਿੱਤੀ ਗਈ ਹੈ'' (ਵੇਖੋ ਫ਼ਿਲਿੱਪੀਆਂ 4:18; NRSV)।[9] ਯਿਸੂ ਨੇ ਕਿਹਾ ਕਿ ਕਪਟੀਆਂ ਨੂੰ ਮਨੁੱਖਾਂ ਵੱਲੋਂ ਮਿਲੀ ਪਛਾਣ ਹੀ ਉਨ੍ਹਾਂ ਦਾ ਇੱਕੋ ਇਕ ਫ਼ਲ ਹੋਵੇਗਾ। ਉਨ੍ਹਾਂ ਨੂੰ ਸੁਰਗ ਵਿਚ ਪਿਤਾ ਤੋਂ ਕੁਝ ਪਾਉਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

**ਆਇਤ 3.** ਇਸ ਗੱਲ ਤੇ ਹੋਰ ਜ਼ੋਰ ਦੇਣ ਲਈ, ਯਿਸੂ ਨੇ ਕਿਹਾ, **''ਪਰ ਜਾਂ ਤੂੰ ਦਾਨ ਕਰੇਂ ਤਾਂ ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ ਜਾਣੇ।''** ਇਸ ਤਾੜਨਾ ਨੂੰ ਆਮ ਤੌਰ ਤੇ ਇਹ ਕਹਿਣ ਲਈ ਅਖਾਣ ਸਮਝਿਆ ਜਾਂਦਾ ਹੈ ਕਿ ਜਿੱਥੋਂ ਤਕ ਹੋ ਸਕੇ ਦਾਨ ਧਿਆਨ ਨਾਲ ਹੀ ਕੀਤਾ ਜਾਣਾ ਚਾਹੀਦਾ ਹੈ। ਧਿਆਨ ਉੱਤੇ ਜ਼ੋਰ ਦੇਣ ਦੇ ਬਾਵਜੂਦ ਰੌਬਰਟ ਐਚ. ਗੁੰਡਰੀ ਨੇ ਇਕ

ਵੱਖਰਾ ਨਜ਼ਰੀਆ ਦਿੱਤਾ ਹੈ: ''ਸ਼ਾਇਦ ਇਸ ਇਜ਼ਹਾਰ ਨੂੰ ਲਫ਼ਜ਼ੀ ਮਾਇਨਿਆਂ ਵਿਚ ਸਮਝਿਆ ਜਾਣਾ ਚਾਹੀਦਾ ਹੈ, ਦਾਨ ਪਾਉਣ ਵਾਲੇ ਕੋਲ ਸਿਰਫ਼ ਸੱਜੇ ਹੱਥ ਨਾਲ ਦੀਨਤਾ ਨਾਲ ਚਲਿਆ ਜਾਣਾ ਚਾਹੀਦਾ ਹੈ, ਨਾ ਕਿ ਆਲੇ ਦੁਆਲੇ ਦੇ ਹੋਰ ਲੋਕਾਂ ਦਾ ਧਿਆਨ ਖਿੱਚਣ ਲਈ ਦੋਹਾਂ ਹੱਥਾਂ ਨਾਲ।''[10]

**ਆਇਤ 4.** ਸੱਚੇ ਦਿਲੋਂ ਭਲਿਆਈ ਕਰਨ ਅਤੇ ਖ਼ੁਦਾ ਨੂੰ ਖੁਸ਼ ਕਰਨ ਲਈ ਦਾਨ ਦੇਣ ਵਾਲਾ ਬੰਦਾ **ਗੁਪਤ ਵਿਚ** ਹੀ ਦਵੇਗਾ ਅਤੇ ਖ਼ੁਦਾ ਉਸ ਨੂੰ ਉਹਦੀ ਬਰਕਤ ਦਵੇਗਾ। ''ਗੁਪਤ ਵਿਚ'' ਤੋਂ ਭਾਵ ਕਪਟੀਆਂ ਦੇ ਉਲਟ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੇ ਬਗੈਰ ਹੈ। ਗੁਪਤ **ਦਾਨ** ਬਾਰੇ ਯਿਸੂ ਦੀ ਸਿੱਖਿਆ ਯਹੂਦੀਆਂ ਲਈ ਕੋਈ ਨਵੀਂ ਨਹੀਂ ਸੀ। ਮਿਸ਼ਨਾਹ ਦੇ ਅਨੁਸਾਰ, ਹੈਕਲ ਵਿਚ ਇਕ ਗੁਪਤ ਥਾਂ ਹੁੰਦੀ ਸੀ, ਜਿੱਥੇ ਕੋਈ ਹਲੀਮ ਯਹੂਦੀ ਆਪਣੇ ਵੱਲ ਧਿਆਨ ਖਿੱਚੇ ਬਗੈਰ ਇਕਾਂਤ ਵਿਚ ਜਾ ਕੇ ਦਾਨ ਦੇ ਸਕਦਾ ਸੀ। ਉਸ ਦੇ ਦਾਨ ਨਾਲ ਖ਼ੁਦਾ ਦਾ ਭੈਅ ਰੱਖਣ ਵਾਲੇ ਗ਼ਰੀਬ ਪਰਿਵਾਰ ਦੀ ਮਦਦ ਹੁੰਦੀ ਸੀ।[11] ਟਾਲਮੁਡ ਦੀ ਸਿੱਖਿਆ ਹੈ, ''ਜਿਹੜਾ ਬੰਦਾ ਦਾਨ ਗੁਪਤ ਵਿਚ ਦਿੰਦਾ ਹੈ ਉਹ ਸਾਡੇ ਗੁਰੂ ਮੂਸਾ ਨਾਲੋਂ ਵੀ ਵੱਡਾ ਹੈ।''[12] ਇਸ ਵਿਚ ਇਹ ਵੀ ਕਿਹਾ ਗਿਆ ਹੈ, ''ਦੇਣ ਵਾਲੇ ਨੂੰ ਇਹ ਜਾਣਨ ਦੀ ਲੋੜ ਨਹੀਂ ਹੈ ਕਿ ਉਹ ਕਿਸ ਨੂੰ ਦੇ ਰਿਹਾ ਹੈ, ਅਤੇ ਪਾਉਣ ਵਾਲੇ ਨੂੰ ਇਹ ਜਾਣਨ ਦੀ ਲੋੜ ਨਹੀਂ ਹੈ ਕਿ ਉਸਨੂੰ ਕਿਸ ਤੋਂ ਮਿਲਿਆ ਹੈ।''[13]

ਪਰ ਯਿਸੂ ਦੇ ਕਹਿਣ ਤੋਂ ਭਾਵ ਇਹ ਨਹੀਂ ਸੀ ਕਿ ਹਰ ਦਾਨ ਗੁਪਤ ਵਿਚ ਹੀ ਦਿੱਤਾ ਜਾਣਾ ਚਾਹੀਦਾ ਹੈ। ਉਸਨੇ ਪਹਿਲਾਂ ਹੀ ਕਿਹਾ ਸੀ, ''ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਉਹ ਤੁਹਾਡੇ ਸ਼ੁੱਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ ਵਡਿਆਈ ਕਰਨ'' (5:16)। ਉਸ ਦੀ ਸਿੱਖਿਆ ਸੀ ਕਿ ਨੇਕ ਕੰਮ ਲੋਕਾਂ ਤੋਂ ਵਡਿਆਈ ਪਾਉਣ ਲਈ ਨਹੀਂ ਕੀਤੇ ਜਾਣੇ ਚਾਹੀਦੇ। ਉਹ ਵਡਿਆਈ ਪਾਉਣ ਦੀ ਇੱਛਾ ਦੇ ਬਗੈਰ ਕੀਤੇ ਜਾਣ; ਤਦੇ ਜੇ ਦੂਜੇ ਲੋਕ ਉਨ੍ਹਾਂ ਨੂੰ ਵੇਖਦੇ ਹਨ ਤਾਂ ਉਹ ਖ਼ੁਦਾ ਦੀ ਵਡਿਆਈ ਕਰਨਗੇ। ਯਿਸੂ ਲੋਕਾਂ ਵਿਚ ਭਲਿਆਈ ਕਰਨ ਨੂੰ ਗਲਤ ਨਹੀਂ ਕਹਿ ਰਿਹਾ ਸੀ, ਪਰ ਉਹ ਮਸ਼ਹੂਰੀ ਪਾਉਣ ਲਈ ਭਲਿਆਈ ਕਰਨ ਦੀ ਮੰਸ਼ਾ ਨੂੰ ਗਲਤ ਕਹਿ ਰਿਹਾ ਸੀ।

ਦਾਨ ਲੋਕਾਂ ਦੀ ਵਾਹ-ਵਾਹ ਲੈਣ ਲਈ ਨਹੀਂ ਬਲਕਿ ਖ਼ੁਦਾ ਤੋਂ ਇਨਾਮ ਪਾਉਣ ਲਈ ਕੀਤਾ ਜਾਣਾ ਚਾਹੀਦਾ ਹੈ: **''ਤੇਰਾ ਪਿਤਾ ਜਿਹੜਾ ਗੁਪਤ ਵਿਚ ਵੇਖਦਾ ਹੈ ਤੈਨੂੰ ਫਲ ਦੇਵੇ।''** ਅਪਰੰਪਾਰ ਹੋਣ ਕਰਕੇ ਖ਼ੁਦਾ ਆਪਣੇ ਲੋਕਾਂ ਵੱਲੋਂ ਕੀਤੇ ਗਏ ਪਰੋਪਕਾਰ ਦੇ ਹਰ ਕੰਮ ਨੂੰ ''ਵੇਖਦਾ ਹੈ'' ਅਤੇ ਉਸ ਦਾ ਸਹੀ ਸਹੀ ''ਫਲ'' ਦਵੇਗਾ।

## ਦੁਆ ਕਰਨਾ (6:5-15)

### ਕਪਟੀਆਂ ਵਾਂਗ ਨਹੀਂ (6:5-8)

**5 ''ਅਤੇ ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਪਟੀਆਂ ਵਾਂਙੁ ਨਾ ਹੋ ਕਿਉਂ ਜੋ ਉਹ ਸਮਾਜਾਂ ਅਤੇ ਚੌਂਕਾਂ ਦੇ ਖੂੰਜਿਆਂ ਵਿਚ ਖੜੇ ਹੋ ਕੇ ਪ੍ਰਾਰਥਨਾ ਕਰਨੀ ਪਸਿੰਦ ਕਰਦੇ ਹਨ ਜੋ ਮਨੁੱਖ ਉਨ੍ਹਾਂ ਨੂੰ ਵੇਖਣ। ਮੈ ਤੁਹਾਨੂੰ ਸੱਚ ਆਖਦਾ ਹਾਂ ਜੋ ਉਹ ਆਪਣਾ ਫਲ ਪਾ ਚੁੱਕੇ। 6ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿਚ ਵੇਖਦਾ ਹੈ ਤੈਨੂੰ ਫਲ ਦੇਵੇਗਾ।**

**7ਅਤੇ ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆਂ ਪਰਾਈਆਂ ਕੌਮਾਂ ਦੇ ਲੋਕਾਂ ਵਾਂਗਰ ਬਕ-ਬਕ ਨਾ ਕਰੋ ਕਿਉਂ ਜੋ ਉਹ ਸਮਝਦੇ ਹਨ ਭਈ ਸਾਡੇ ਬਹੁਤ ਬੋਲਣ ਕਰਕੇ ਸਾਡੀ ਸੁਣੀ ਜਾਵੇਗੀ। 8ਸੋ ਤੁਸੀਂ ਉਨ੍ਹਾਂ ਵਰਗੇ ਨਾ ਹੋਵੋ ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤੁਹਾਨੂੰ**

**ਕਿਨ੍ਹਾਂ-ਕਿਨ੍ਹਾਂ ਵਸਤਾਂ ਦੀ ਲੋੜ ਹੈ।''**

ਇਸ ਦੇ ਬਾਅਦ ਯਿਸੂ ਨੇ ਦੁਆ ਦੀ ਗੱਲ ਕੀਤੀ ਜਿਸ ਵਿਚ ਉਸ ਨੇ ਇਸ ਨੂੰ ਕਰਨ ਦਾ ਸਹੀ ਅਤੇ ਗਲਤ ਤਰੀਕਾ ਦੱਸਿਆ। ਦੁਆ ਕਰਨਾ ਸਹੀ ਹੈ, ਪਰ ਇਸ ਨੂੰ ''ਕਪਟੀਆਂ'' ਵਾਂਗ ਕਰਨਾ ਗਲਤ ਹੈ। ਸਾਨੂੰ ਇੱਥੇ ਆਮ ਬੰਦਗੀ ਲਈ ਮਾਮੂਲੀ ਝਿੜਕ ਨਹੀਂ ਵੇਖਣੀ ਚਾਹੀਦੀ। ਯਿਸੂ ਸਾਡੀਆਂ ਦੁਆਵਾਂ ਵੱਲ ਦੂਜਿਆਂ ਦਾ ਧਿਆਨ ਖਿੱਚੇ ਜਾਣ ਦੀ ਅਜ਼ਮਾਇਸ਼ ਵਿਚ ਪੈਣ ਦੇ ਖ਼ਿਲਾਫ਼ ਹੀ ਚਿਤਾਵਨੀ ਦੇ ਰਿਹਾ ਸੀ।[14]

**ਆਇਤ 5.** ਯਿਸੂ ਨੇ **''ਜਾਂ ਤੁਸੀਂ ਪ੍ਰਾਰਥਨਾ ਕਰੋ''** ਕਹਿੰਦਿਆਂ ਸ਼ੁਰੂ ਕੀਤਾ। ਉਸਨੇ ਯਹੂਦੀਆਂ ਨਾਲ ਗੱਲ ਕੀਤੀ ਜਿਨ੍ਹਾਂ ਨੂੰ ਦਿਨ ਵਿਚ ਠਹਿਰਾਏ ਹੋਏ ਸਮਿਆਂ ਤੇ ਦੁਆ ਕਰਨ ਦੀ ਆਦਤ ਸੀ। ਦੁਆਵਾਂ ਦੇ ਨਾਲ ਸਵੇਰ ਅਤੇ ਸ਼ਾਮ ਦੀਆਂ ਕੁਰਬਾਨੀਆਂ ਵੀ ਹੁੰਦੀਆਂ ਸਨ ਜੋ ਪਹਿਲੇ ਪਹਿਰ (9:00 ਵਜੇ ਸਵੇਰੇ) ਅਤੇ ਤੀਜੇ ਪਹਿਰ (3:00 ਵਜੇ ਬਾਅਦ ਦੁਪਹਿਰ) ਦਿੱਤੀਆਂ ਜਾਂਦੀਆਂ ਸਨ (ਅਜ਼ਰਾ 9:5; ਦਾਨੀਏਲ 9:21; ਲੂਕਾ 1:10; ਰਸੂਲਾਂ ਦੇ ਕੰਮ 3:1)।[15] ਦੂਜੇ ਪਹਿਰ ਭਾਵ ਦੁਪਹਿਰ ਨੂੰ ਵੀ ਦੁਆਵਾਂ ਕੀਤੀਆਂ ਜਾਂਦੀਆਂ ਸਨ (ਰਸੂਲਾਂ ਦੇ ਕੰਮ 10:9)। ਇਸ ਕਰਕੇ ਦਿਨ ਵਿਚ ਤਿੰਨ ਵਾਰ ਦੁਆ ਕਰਨਾ ਆਮ ਸੀ (ਜ਼ਬੂਰ 55:17; ਦਾਨੀਏਲ 6:10)। ਕੁਝ ਆਰੰਭਿਕ ਮਸੀਹੀ ਲੋਕਾਂ ਨੇ ਵੀ ਇਸੇ ਰੀਤ ਨੂੰ ਬਣਾਈ ਰੱਖਿਆ।[16]

ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਉਹ **ਕਪਟੀਆਂ ਵਾਂਙੂ ਨਾ** ਹੋਣ। ਮੱਤੀ 23 ਅਧਿਆਇ ਵਿਚ ਉਸਨੇ ''ਕਪਟੀਆਂ'' ਦਾ ਅਰਥ ਦੱਸਿਆ: ''ਗ੍ਰੰਥੀ ਅਤੇ ਫ਼ਰੀਸੀ ਮੂਸਾ ਦੀ ਗੱਦੀ ਉੱਤੇ ਬੈਠੇ ਹਨ; ਇਸ ਲਈ ਸਭ ਕੁਝ ਜੋ ਉਹ ਤੁਹਾਨੂੰ ਕਹਿਣ ਤੁਸੀਂ ਮੰਨ ਲੈਣਾ ਅਤੇ ਉਸਦੀ ਪਾਲਣਾ ਕਰਨੀ ਪਰ ਉਨ੍ਹਾਂ ਵਰਗੇ ਕੰਮ ਨਾ ਕਰਨਾ ਕਿਉਂ ਜੋ ਉਹ ਕਹਿੰਦੇ ਹਨ ਪਰ ਕਰਦੇ ਨਹੀਂ'' (23:2, 3)। NIV ਦਾ ਅਨੁਵਾਦ ਹੈ ''ਉਹ ਜੋ ਪ੍ਰਚਾਰ ਕਰਦੇ ਹਨ ਉਸਨੂੰ ਆਪ ਨਹੀਂ ਕਰਦੇ।'' ਫਿਰ ਯਿਸੂ ਨੇ ਕਿਹਾ ਕਿ ਯਹੂਦੀ ਆਗੂ ਜਿਹੜੇ ਲੋਕਾਂ ਉੱਤੇ ਭਾਰੇ ਬੋਝ ਲੱਦਦੇ ਹਨ ਉਸ ਨੂੰ ਉਹ ਆਪ ''ਆਪਣੀ ਉਂਗਲ ਨਾਲ ਖਿਸਕਾਉਣ ਨੂੰ ਰਾਜ਼ੀ ਨਹੀਂ'' (23:4)। ਉਸਨੇ ਉਨ੍ਹਾਂ ਦੇ ਕਪਟ ਭਰੇ ਇਰਾਦਿਆਂ ਦੀ ਗੱਲ ਕੀਤੀ, ''ਉਹ ਆਪਣੇ ਸਭ ਕੰਮ ਲੋਕਾਂ ਦੇ ਵਿਖਾਵੇ ਲਈ ਕਰਦੇ ਹਨ'' (23:5)।

ਇਨ੍ਹਾਂ ਯਹੂਦੀਆਂ ਦੇ ਕਪਟ ਨੂੰ ਉਨ੍ਹਾਂ ਦੇ ਦੁਆ ਕਰਨ ਤੋਂ ਵੱਧ ਕੇ ਹੋਰ ਕਿਤੇ ਨਹੀਂ ਵੇਖਿਆ ਜਾ ਸਕਦਾ। ਯਿਸੂ ਨੇ ਕਿਹਾ ਕਿ ਕਪਟੀ **ਸਮਾਜਾਂ ਅਤੇ ਚੌਂਕਾਂ ਦੇ ਖੂੰਜਿਆਂ ਵਿਚ ਖੜੇ ਹੋ ਕੇ ਪ੍ਰਾਰਥਨਾ ਕਰਨੀ ਪਸਿੰਦ ਕਰਦੇ ਹਨ ਜੋ ਮਨੁੱਖ ਉਨ੍ਹਾਂ ਨੂੰ ਵੇਖਣ।** ਯਹੂਦੀ ਲੋਕ ਆਮ ਤੌਰ ਤੇ ਆਪਣੇ ਹੱਥ ਅਸਮਾਨ ਵੱਲ ਚੁੱਕ ਕੇ, ਖਲੋ ਕੇ, ਉੱਪਰ ਵੱਲ ਨੂੰ ਵੇਖਦੇ ਹੋਏ ਦੁਆ ਕਰਦੇ ਸਨ (1 ਰਾਜਿਆਂ 8:22; ਜ਼ਬੂਰ 28:2; 63:4; 134:2; ਲੂਕਾ 18:11, 13)। ਰੌਬਰਟ ਐਚ. ਮਾਊਂਸ ਦੇ ਅਨੁਸਾਰ, ਜੇ ਦੁਆ ਦੇ ਠਹਿਰਾਏ ਹੋਏ ਸਮੇਂ ਤੇ ਕੋਈ ਗਲੀਲ ਵਿਚ ਹੁੰਦਾ ਤਾਂ ''ਰੁਕ ਕੇ, ਹੈਕਲ ਵੱਲ ਨੂੰ ਮੂੰਹ ਕਰਕੇ ਦੁਆ ਕਰਨਾ ਦਰੁੱਸਤ ਸੀ।''[17] ਕਪਟੀ ਲੋਕ ਇਸ ਤਰੀਕੇ ਨਾਲ ਯੋਜਨਾ ਬਣਾਉਂਦੇ ਹੋਣਗੇ ਕਿ ਦੁਆ ਕਰਨ ਵੇਲੇ ਉਹ ਅਜਿਹੇ ਥਾਂ ਹੋਣ ਜਿੱਥੋਂ ਸਭ ਨੂੰ ਨਜ਼ਰ ਆ ਸਕਣ।

ਇਨ੍ਹਾਂ ਲੋਕਾਂ ਨੂੰ ਭੀੜ ਵਿਚ ਦੁਆ ਕਰਨਾ ਚੰਗਾ ਲਗਦਾ ਸੀ, ਕਿਉਂਕਿ ਇਸ ਨਾਲ ਰੂਹਾਨੀ ਸੋਚ ਵਾਲੇ ਹੋਣ ਦੇ ਰੂਪ ਵਿਚ ਉਨ੍ਹਾਂ ਦੀ ਮਸ਼ਹੂਰੀ ਹੁੰਦੀ ਸੀ। ਉਹ ''ਭਗਤ'' ਅਖਵਾਉਣਾ ਚਾਹੁੰਦੇ ਸਨ। ਧਿਆਨ ਖਿੱਚਣਾ ਚਾਹੁੰਦੇ ਸਨ ਅਤੇ ਅਜਿਹੀ ਹਾਲਤ ਵਿਚ ਜਾਣ ਦੀ ਕੋਸ਼ਿਸ਼ ਕਰਦੇ ਸਨ ਜਿਸ ਨਾਲ ਉਨ੍ਹਾਂ ਦਾ ਨਾਂਅ ਹੋਵੇ (ਲੂਕਾ 18:9–14)। ਯਿਸੂ ਨੇ ਕਿਹਾ ਕਿ ਅਜਿਹੇ ਲੋਕ **ਆਪਣਾ ਫਲ ਪਾ ਚੁੱਕੇ।** ਮਨੁੱਖਾਂ ਤੋਂ ਵਡਿਆਈ ਹੀ ਇੱਕੋ ਇਕ ਅਦਾਇਗੀ ਸੀ, ਜਿਹੜੀ ਉਨ੍ਹਾਂ ਨੂੰ ਮਿਲਣੀ ਸੀ (6:2 ਤੇ ਟਿੱਪਣੀਆਂ ਵੇਖੋ)।

**ਆਇਤ 6.** ਇਸ ਦੇ ਉਲਟ ਯਿਸੂ ਨੇ ਆਪਣੇ ਚੇਲਿਆਂ ਨੂੰ ਖ਼ੁਦਾ ਅੱਗੇ **ਗੁਪਤ ਵਿਚ** ਹਲੀਮੀ ਨਾਲ **ਪ੍ਰਾਰਥਨਾ** ਕਰਨ ਵਿਚ ਅਗਵਾਈ ਦਿੱਤੀ। **ਕੋਠੜੀ** (*tameion*) ਘਰ ਦੇ ਅੰਦਰ ਬਣੇ ਗੋਦਾਮ ਨੂੰ ਆਖਿਆ ਗਿਆ ਹੈ। ਘਰ ਆਮ ਤੌਰ ਤੇ ਕੱਚੀਆਂ ਇੱਟਾਂ ਦੇ ਬਣੇ ਹੁੰਦੇ ਸਨ ਜਿਸ ਕਰਕੇ ਚੋਰ ਕੰਧਾਂ ਵਿੱਚੋਂ ਦੀ ਸੱਨ੍ਹ ਮਾਰ ਕੇ (6:19) ਘਰ ਨੂੰ ਲੁੱਟ ਸਕਦੇ ਸਨ। ਇਸ ਕਰਕੇ **ਬੂਹੇ** ਵਾਲੀ ਕੋਠੜੀ ਬਣਵਾਉਣਾ ਜ਼ਰੂਰੀ ਹੁੰਦਾ ਸੀ ਜਿਸ ਨੂੰ ਤਾਲਾ ਲਾਇਆ ਜਾ ਸਕੇ।[18] ਜੋ ਲੋਕ ਦਿਲੋਂ ਇਕਾਂਤ ਵਿਚ ਦੁਆ ਕਰਦੇ ਹਨ ਉਨ੍ਹਾਂ ਨੂੰ **ਆਪਣੇ** ਪਿਤਾ ਵੱਲੋਂ **ਫਲ** ਮਿਲੇਗਾ ਜਿਹੜਾ **ਗੁਪਤ ਵਿਚ** ਹੋਣ ਵਾਲੀ ਹਰ ਚੀਜ਼ ਨੂੰ ਵੇਖਦਾ ਹੈ।

ਯਿਸੂ ਸਿਨਾਗੋਗ (ਸਮਾਜ) ਦੀਆਂ ਸੇਵਾਵਾਂ ਜਾਂ ਹੈਕਲ ਦੀ ਬੰਦਗੀ ਵਿਚ ਆਮ ਲੋਕਾਂ ਵਿਚ ਦੁਆ ਕਰਨ ਦੀ ਮਨਾਹੀ ਨਹੀਂ ਕਰ ਰਿਹਾ ਸੀ, ਬਲਕਿ ਉਹ ਦੁਆ ਦਾ ਵਿਖਾਵਾ ਕਰਨ ਲਈ ਉਨ੍ਹਾਂ ਨੂੰ ਝਾੜ ਰਿਹਾ ਸੀ। ਯਿਸੂ ਇਕਾਂਤ ਵਿਚ ਅਤੇ ਲੋਕਾਂ ਵਿਚ ਵੀ ਦੁਆ ਕਰਦਾ ਸੀ ਅਤੇ ਉਸਨੇ ਆਪਣੇ ਚੇਲਿਆਂ ਨੂੰ ਲੋਕਾਂ ਵਿਚ ਵੀ ਦੁਆ ਕਰਨ ਦਾ ਤਰੀਕਾ ਦੱਸਿਆ (6:9–13)।

**ਆਇਤ 7.** ਯਿਸੂ ਦੇ ਕਹਿਣ ਤੋਂ ਭਾਵ ਸੀ ਕਿ ਕਪਟੀ ਲੋਕ ਸਿਰਫ਼ *ਵਿਖਾਉਣ* ਲਈ ਹੀ ਦੁਆ ਨਹੀਂ ਕਰਨਾ ਚਾਹੁੰਦੇ ਬਲਕਿ ਉਹ *ਸੁਣਾਉਣ* ਲਈ ਵੀ ਦੁਆ ਕਰਨੀ ਪਸੰਦ ਕਰਦੇ ਹਨ। ਉਹ **ਬਹੁਤ ਬੋਲਣ** ਨਾਲ **ਬਕ-ਬਕ** ਕਰਦੇ ਸਨ। ਯਿਸੂ ਲੰਮੀਆਂ ਦੁਆਵਾਂ ਨੂੰ ਗਲਤ ਨਹੀਂ ਕਹਿ ਰਿਹਾ ਸੀ। ਘੱਟੋ ਘੱਟ ਇਕ ਵਾਰ ਉਸਨੇ ਆਪ ਪੂਰੀ ਰਾਤ ਦੁਆ ਕੀਤੀ ਸੀ (ਲੂਕਾ 6:12)। ਉਹਨੂੰ ਦੁਆਵਾਂ ਦੀ ਲੰਬਾਈ ਦੀ ਐਨੀ ਪਰਵਾਹ ਨਹੀਂ ਸੀ ਜਿੰਨੀ ਦੁਆ ਕਰਨ ਵਾਲੇ ਦੇ ਵਿਹਾਰ ਦੀ। ਦੁਆ ਆਪਣੀ ਭਾਸ਼ਣਕਲਾ ਜਾਂ ਪੜ੍ਹਾਈ ਨੂੰ ਵਿਖਾਉਣ ਲਈ ਨਹੀਂ ਹੋਣੀ ਚਾਹੀਦੀ।

ਯਿਸੂ ਆਪਣੇ ਚੇਲਿਆਂ ਨੂੰ ਦੁਆਵਾਂ ਦੁਹਰਾਉਣ ਦੀ ਮਨਾਹੀ ਨਹੀਂ ਕਰ ਰਿਹਾ ਸੀ। ਗਥਸਮਨੀ ਬਾਗ ਵਿਚ ਆਪਣੇ ਫੜਵਾਏ ਜਾਣ ਵਾਲੀ ਰਾਤ ਉਸਨੇ ਇੱਕੋ ਦੁਆ ਤਿੰਨ ਵਾਰ ਕੀਤੀ ਸੀ (26:36–46)। ਦੁਹਰਾਅ ਨੂੰ ਗਲਤ ਕਹਿਣ ਦੀ ਥਾਂ ਉਹ ਬਾਰ-ਬਾਰ ਦੁਹਰਾਏ ਜਾਣ ਵਾਲੇ ਬੇਅਰਥ ਵਾਕਾਂ ਦੀ ਵਰਤੋਂ ਕਰਨ ਲਈ ਡਾਂਟ ਰਿਹਾ ਸੀ ਜਿਹੜੇ ਦੁਆ ਕਰਨ ਵਾਲੇ ਦੇ ਦਿਲੋਂ ਨਹੀਂ ਨਿੱਕਲਦੇ। ''ਬਕ-ਬਕ'' ਲਈ ਯੂਨਾਨੀ ਸ਼ਬਦ (*battalogeo*) ਦਾ ਅਰਥ ''ਬੇਕਾਰ, ਫ਼ਜ਼ੂਲ ਬਕਵਾਸ'' ਹੈ। ਯਿਸੂ ਨੇ ਭਾਵੇਂ ਆਪਣੇ ਸ਼ਬਦਾਂ ਨੂੰ ਦੁਹਰਾਇਆ, ਪਰ ਆਪਣੀ ਦੁਆ ਵਿਚ ਉਹ ਨਿੱਜੀ ਅਤੇ ਸੰਜੀਦਾ ਸੀ। ਉਸਨੇ ਆਪਣੇ ਚੇਲਿਆਂ ਨੂੰ ਇਹ ਸੋਚਣ ਦੇ ਖ਼ਿਲਾਫ਼ ਚਿਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਦੂਜਿਆਂ ਨੂੰ ਸੁਣਾਉਣ ਲਈ ਆਪਣੇ ਸ਼ਬਦਾਂ ਨਾਲ ਖ਼ੁਦਾ ਨੂੰ ਪ੍ਰਭਾਵਿਤ ਕਰਨਾ ਮਨਜ਼ੂਰ ਹੈ। ਪਹਿਲੀ ਸਦੀ ਵਿਚ ਕੁਝ ਰੱਬੀ ਇਹ ਸਿਖਾਉਂਦੇ ਸਨ ਕਿ ਦੁਆ ਜਿੰਨੀ ਲੰਮੀ ਹੋਵੇ ਓਨਾਂ ਹੀ ਖ਼ੁਦਾ ਉਸਨੂੰ ਸੁਣ ਕੇ ਉਸ ਦਾ ਜਵਾਬ ਦੇਵੇਗਾ।[19]

ਯਿਸੂ ਨੇ ਕਿਹਾ ਕਿ **ਪਰਾਈਆਂ ਕੌਮਾਂ ਦੇ ਲੋਕਾਂ** ਦਾ ਇਹੀ ਮੰਨਣਾ ਹੈ ਕਿ **ਬਹੁਤ ਬੋਲਣ ਕਰਕੇ** ਉਨ੍ਹਾਂ ਦੀ ਸੁਣੀ ਜਾਵੇਗੀ। ਕਾਫ਼ਰ ਧਰਮਾਂ ਵਿਚ ਆਮ ਤੌਰ ਤੇ ਸਹੀ ਸੰਸਕਾਰ ਉੱਤੇ ਜ਼ੋਰ ਦਿੱਤਾ ਜਾਂਦਾ ਸੀ ਪਰ ਮਨ ਦੇ ਵਿਹਾਰ ਨੂੰ ਅਣਗੌਲਿਆਂ ਕੀਤਾ ਜਾਂਦਾ ਸੀ। ਉਨ੍ਹਾਂ ਦੀ ਸ਼ੁੱਧਤਾ ਦੀ ਇਕ ਉਦਾਹਰਣ ਕੀਨਰ ਵਿਚ ਮਿਲਦੀ ਹੈ: ''ਰੋਮੀ ਜੱਜ ਦੁਆਵਾਂ ਨੂੰ ਬਿਲਕੁਲ ਉਵੇਂ ਪੜ੍ਹਦੇ ਸਨ ਜਿਵੇਂ ਰੀਤ ਮੁਤਾਬਿਕ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਸਨ; 'ਜੇ ਇਕ ਮਾਤਰਾ ਜਾਂ ਸੰਸਕਾਰ ਦੀ ਮੁਦਰਾ ਗਲਤ ਹੋ ਜਾਵੇ ਤਾਂ ਪ੍ਰਾਰਥਨਾ ਵੀ ਬੇਮਾਇਨੇ ਹੋ ਸਕਦੀ ਹੈ।' ''[20] ਦੁਆ ਨੂੰ ਆਮ ਤੌਰ ਤੇ ਦੇਵਤਿਆਂ ਨੂੰ ਰਿਝਾਉਣ ਦੇ ਮਾਧਿਅਮ ਦੇ ਰੂਪ ਵਿਚ ਵੇਖਿਆ ਜਾਂਦਾ ਸੀ। ਮਾਉਂਸ ਦਾ ਕਹਿਣਾ ਹੈ ਕਿ ਗੈਰਕੌਮਾਂ ਨੇ ''ਇਸ ਉਮੀਦ ਨਾਲ ਕਿ ਬੇਇੰਤਿਹਾ ਦੁਹਰਾਅ ਨਾਲ ਉਹ ਅਸਲੀ ਦੇਵਤੇ ਦੇ ਨਾਂਅ ਨੂੰ ਕਿਸੇ ਤਰ੍ਹਾਂ ਉਕਸਾ ਸਕਣਗੇ ਅਤੇ ਮੂੰਹ ਮੰਗਿਆ ਵਰ ਪਾ ਲੈਣਗੇ, ਦੇਵਤਿਆਂ ਦੇ ਨਾਵਾਂ ਦੀ ਇਕ ਲੰਮੀ ਫ਼ਹਰਿਸਤ ਬਣਾ ਲਈ ਸੀ।''[21] ਕਾਫ਼ਰ ਸੰਸਕਾਰਾਂ ਵਿਚ ਦੁਹਰਾਅ ਦੀ ਗੱਲ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ

ਮਿਲ ਸਕਦੀ ਹੈ: ''ਬਆਲ ਦੇ ਪੁਜਾਰੀ ਦੁਪਹਿਰ ਤਕ ਪੁਕਾਰਦੇ ਰਹੇ, 'ਹੇ ਬਆਲ, ਸਾਡੀ ਸੁਣ' '' (1 ਰਾਜਿਆਂ 18:26), ਅਤੇ ਅਫ਼ਸੁਸ ਦੇ ਰੰਗਮੰਚ ਵਿਚ ਭੀੜ ਦੋ ਘੰਟਿਆਂ ਤਕ ਚਿੱਲਾਉਂਦੀ ਰਹੀ ਕਿ ''ਅਫ਼ਸੀਆਂ ਦੀ ਅਰਤਿਮਿਸ ਵੱਡੀ ਹੈ (ਰਸੂਲਾਂ ਦੇ ਕੰਮ 19:34)।''[22]

**ਆਇਤ 8.** ਯਿਸੂ ਨਹੀਂ ਚਾਹੁੰਦਾ ਸੀ ਕਿ ਉਸਦੇ ਚੇਲੇ **ਉਨ੍ਹਾਂ ਵਰਗੇ** ਬਣਨ, ਭਾਵ ਇਹ ਕਿ ਉਹ ਗੈਰਕੌਮਾਂ (ਅਤੇ ਕਪਟੀਆਂ) ਵਰਗੇ ਨਾ ਬਣਨ। ਆਖਰ ਪਰਮੇਸ਼ੁਰ **ਪਿਤਾ** ਆਪਣੇ ਬੱਚਿਆਂ ਦੇ **ਮੰਗਣ** ਤੋਂ ਪਹਿਲਾਂ **ਜਾਣਦਾ ਹੈ** ਕਿ ਉਨ੍ਹਾਂ ਦੀ ਕੀ **ਲੋੜ** ਹੈ। ਦੁਆ ਕਰਨ ਦਾ ਮਕਸਦ ਖ਼ੁਦਾ ਨੂੰ ਜਾਣਕਾਰੀ ਦੇਣਾ ਜਾਂ ਵਰਗਲਾਉਣਾ ਨਹੀਂ ਹੈ।[23] ਉਸਦੇ ਬੱਚਿਆਂ ਵਾਸਤੇ ਉਹਦੇ ਅੱਗੇ ਭਗਤੀ, ਭੈਅ ਅਤੇ ਅਨੰਦ ਨਾਲ ਆਉਣਾ ਜ਼ਰੂਰੀ ਹੈ। ਦੁਆ ਵਿਚ ਬੰਦਾ ਹਰ ਚੰਗੀ ਦਾਤ ਦੇ ਦੇਣ ਵਾਲੇ ਦੇ ਰੂਪ ਵਿਚ ਖ਼ੁਦਾ ਉੱਤੇ ਭਰੋਸਾ ਜਤਾ ਸਕਦਾ ਹੈ (7:7–11; ਵੇਖੋ ਯਾਕੂਬ 1:17)।

## ਆਦਰਸ਼ ਪ੍ਰਾਰਥਨਾ (6:9-13)

**9 ''ਸੋ ਤੁਸੀਂ ਇਸ ਬਿਧ ਨਾਲ ਪ੍ਰਾਰਥਨਾ ਕਰੋ,**
**ਹੇ ਸਾਡੇ ਪਿਤਾ, ਜਿਹੜਾ ਸੁਰਗ ਵਿਚ ਹੈਂ,**
**ਤੇਰਾ ਨਾਮ ਪਾਕ ਮੰਨਿਆ ਜਾਵੇ,**
**10 ਤੇਰਾ ਰਾਜ ਆਵੇ,**
**ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ**
**ਜ਼ਮੀਨ ਉੱਤੇ ਵੀ ਹੋਵੇ।**
**11 ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦਿਹ,**
**12 ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ**
**ਆਪਣੇ ਕਰਜ਼ਾਈਆਂ ਨੂੰ ਮਾਫ਼ ਕੀਤਾ ਹੈ।**
**13 ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾਅ**
**[ਕਿਉਂ ਜੋ ਰਾਜ ਅਤੇ ਕੁਦਰਤ ਅਤੇ ਵਡਿਆਈ ਸਦਾ ਤੇਰੇ ਹਨ। ਆਮੀਨ।]''।**

ਯਹੂਦੀ ਰੱਬੀਆਂ ਲਈ ਆਪਣੇ ਵਿਦਿਆਰਥੀਆਂ ਨੂੰ ਦੁਆ ਕਰਨ ਦਾ ਢੰਗ ਸਿਖਾਉਣਾ ਆਮ ਸੀ। ਯਿਸੂ ਦੇ ਚੇਲਿਆਂ ਨੇ ਉਸ ਨੂੰ ਬੇਨਤੀ ਕੀਤੀ, ''ਪ੍ਰਭੂ ਜੀ, ਸਾਨੂੰ ਪ੍ਰਾਰਥਨਾ ਕਰਨੀ ਸਿਖਾਲ, ਜਿਵੇਂ ਯੂਹੰਨਾ ਨੇ ਵੀ ਆਪਣੇ ਚੇਲਿਆਂ ਨੂੰ ਸਿਖਾਲੀ'' (ਲੂਕਾ 11:1)। ਯਿਸੂ ਦੇ ਉਪਦੇਸ਼ ਦੇ ਇਸ ਭਾਗ ਵਿਚ ਉਸ ਨੇ ਆਪਣੇ ਚੇਲਿਆਂ ਨੂੰ ਖ਼ੁਦਾ ਅੱਗੇ ਦੁਆ ਕਰਨ ਦੀਆਂ ਬੁਨਿਆਦੀ ਗੱਲਾਂ ਦੱਸੀਆਂ।

ਉਸ ਵੱਲੋਂ ਉਨ੍ਹਾਂ ਨੂੰ ਸਿਖਾਈ ਗਈ ਦੁਆ (ਵੇਖੋ ਲੂਕਾ 11:2–4) ਨੂੰ ਆਮ ਤੌਰ ਤੇ ''ਪ੍ਰਭੂ ਦੀ ਪ੍ਰਾਰਥਨਾ'' ਕਿਹਾ ਜਾਂਦਾ ਹੈ। ਇਸ ਨੂੰ ''ਚੇਲਿਆਂ ਦੀ ਪ੍ਰਾਰਥਨਾ'' ਕਹਿਣਾ ਇਸ ਨਾਲੋਂ ਕਿੰਨਾ ਢੁਕਵਾਂ ਹੋਵੇਗਾ! ਇਹ ਦੁਆ ਉਨ੍ਹਾਂ ਦੇ ਫ਼ਾਇਦੇ ਲਈ ਦਿੱਤੀ ਗਈ ਸੀ ਨਾ ਕਿ ਇਹ ਪ੍ਰਭੂ ਦੀ ਕੋਈ ਨਿੱਜੀ ਦੁਆ ਸੀ (ਵੇਖੋ 26:36–46; ਯੂਹੰਨਾ 17:1–26)। ਇਸ ਨੂੰ ''ਆਦਰਸ਼ ਪ੍ਰਾਰਥਨਾ'' ਕਹਿਣਾ ਵੀ ਸਹੀ ਹੋਵੇਗਾ, ਕਿਉਂ ਜੋ ਯਿਸੂ ਨੇ ਇਸ ਵਿਚ ਦੁਆ ਕਰਨ ਦੀ ਬੁਨਿਆਦੀ ਰੂਪ ਰੇਖਾ ਦਿੱਤੀ ਹੈ। ਨਮੂਨੇ ਦੀ ਇਹ ਦੁਆ ਸੰਖੇਪ ਅਤੇ ਸਰਲ ਤਾਂ ਹੈ ਪਰ ਫਿਰ ਵੀ ਸੰਜੀਦਾ ਹੈ।

**ਆਇਤ 9.** ਯਿਸੂ ਦੇ ਦੁਆ ਦੀ ਸ਼ੁਰੂਆਤ ਖ਼ੁਦਾ ਨੂੰ **ਹੇ ਸਾਡੇ ਪਿਤਾ ਜਿਹੜਾ ਸੁਰਗ ਵਿਚ ਹੈਂ** ਦੇ ਰੂਪ ਵਿਚ ਕੀਤੀ। ਉਸਨੇ ''ਹੇ ਮੇਰੇ ਪਿਤਾ'' ਨਹੀਂ ਕਿਹਾ ਜੋ ਕਿ ਉਹ ਕਹਿ ਸਕਦਾ ਹੈ। ਉਸਨੇ ਕਿਹਾ, ''ਹੇ ਸਾਡੇ ਪਿਤਾ'' ਯਿਸੂ ਇਕ ਨਿਰਾਲੇ ਢੰਗ ਨਾਲ ਖ਼ੁਦਾ ਦਾ ਪੁੱਤਰ ਸੀ (ਯੂਹੰਨਾ 3:16),

ਪਰ ਉਸਦੇ ਚੇਲੇ ਰੂਹਾਨੀ ਤੌਰ ਤੇ ਖ਼ੁਦਾ ਦੀ ਸੰਤਾਨ ਹਨ (ਯੂਹੰਨਾ 1:11–13)। ਇਹ ਖ਼ਾਸ ਗੱਲ ਹੈ ਕਿ ਉਸਨੇ ਆਪਣੇ ਚੇਲਿਆਂ ਨੂੰ ਖ਼ੁਦਾ ਨਾਲ ਉਸੇ ਨੇੜਤਾ ਨਾਲ ਗੱਲ ਕਰਨ ਲਈ ਕਿਹਾ, ਜਿਸ ਨਾਲ ਉਹ ਆਪ ਕਰਦਾ ਸੀ। ਪੌਲੁਸ ਨੇ ਰੋਮ ਵਿਚਲੇ ਭਾਈਆਂ ਨੂੰ ਦੱਸਿਆ ਕਿ ਖ਼ੁਦਾ ਨੇ ਉਨ੍ਹਾਂ ਦੇ ਮਨਾਂ ਵਿਚ ਆਪਣੇ ਪੁੱਤਰ ਦੇ ਆਤਮਾ ਨੂੰ ਭੇਜਿਆ ਹੈ ਤਾਂ ਜੋ ਉਹ ''ਹੇ ਅੱਬਾ, ਅਰਥਾਤ ਹੇ ਪਿਤਾ'' ਪੁਕਾਰ ਸਕਣ (ਰੋਮੀਆਂ 8:15)। ''ਅੱਬਾ'' ਆਪਣੇ ਪਿਤਾ ਨਾਲ ਗੱਲ ਕਰਨ ਲਈ ਕਿਸੇ ਬੱਚੇ ਵੱਲੋਂ ਵਰਤਿਆ ਜਾਣ ਵਾਲਾ ਅਰਾਮੀ ਭਾਸ਼ਾ ਦਾ ਸ਼ਬਦ ਹੈ। ਇਹ ''ਡੈਡੀ'' ਨਾਲੋਂ ਘੱਟ ਮਸ਼ਹੂਰ ਹੈ ਪਰ ਇਸ ਦਾ ਮਤਲਬ ''ਪਿਤਾ'' ਨਾਲੋਂ ਕਿਤੇ ਨੇੜੇ ਹੈ।

ਪਿਤਾ ਦੇ ਰੂਪ ਵਿਚ ਪਰਮੇਸ਼ੁਰ ਦੀ ਧਾਰਣਾ ਪੁਰਾਣੇ ਨੇਮ ਵਿਚ ਪਾਈ ਜਾਂਦੀ ਹੈ, ਭਾਵੇਂ ਇਹ ਮਸ਼ਹੂਰ ਵਿਸ਼ਾ ਨਹੀਂ ਹੈ (ਕੂਚ 4:22; ਵਿਵਸਥਾਸਾਰ 8:5; 14:1; 32:6; ਜ਼ਬੂਰ 2:7; 103:13; ਯਸਾਯਾਹ 63:16; 64:8; ਯਿਰਮਿਯਾਹ 3:4, 19; ਹੋਸ਼ੇਆ 11:1–4; ਮਲਾਕੀ 2:10)। ਦਿਲਚਸਪ ਗੱਲ ਇਹ ਹੈ ਕਿ ਦੋਹਾਂ ਨੇਮਾਂ ਦੇ ਵਕਫ਼ੇ ਵਿਚ ਯਹੂਦੀ ਇਤਿਹਾਸ ਵਿਚ ਦੁਆ ਵਿਚ ਪਿਤਾ ਦੇ ਰੂਪ ਵਿਚ ਪਰਮੇਸ਼ੁਰ ਨੂੰ ਸੰਬੋਧਿਤ ਕਰਨ ਦੀਆਂ ਕੁਝ ਉਦਾਹਰਣਾਂ ਮਿਲਦੀਆਂ ਹਨ।[24] ਪਰ ਯਿਸੂ ਨੇ ਆਪਣੀ ਸੇਵਕਾਈ ਦੌਰਾਨ ਪਿਤਾ ਦੇ ਰੂਪ ਵਿਚ ਪਰਮੇਸ਼ੁਰ ਦੇ ਵਿਚਾਰ ਨੂੰ ਮਸ਼ਹੂਰ ਕਰ ਦਿੱਤਾ।

ਯਿਸੂ ਨੇ ਆਖਿਆ ਕਿ ਖ਼ੁਦਾ ਦਾ **ਨਾਮ ਪਾਕ ਮੰਨਿਆ** ਜਾਣਾ ਚਾਹੀਦਾ ਹੈ। ਜ਼ਬੂਰਕਾਰ ਨੇ ਲਿਖਿਆ ਹੈ ''ਉਹਦਾ ਨਾਮ ਪਵਿੱਤਰ ਤੇ ਭੈਅਦਾਇਕ ਹੈ'' (ਜ਼ਬੂਰ 111:9)। KJV ਦੇ ਅਨੁਵਾਦ ਵਿਚ ਇਸ ਨੂੰ Holy and reverend is his name ਅਨੁਵਾਦ ਕੀਤਾ ਗਿਆ ਹੈ। ''ਰੈਵਰੇਂਡ'' ਖ਼ੁਦਾ ਦਾ ਨਾਂਅ ਨਹੀਂ ਹੈ ਅਤੇ ਨਾ ਹੀ ਇਹ ਖ਼ੁਦਾ ਦਾ ਅਹੁਦਾ ਹੈ ਬਲਕਿ ਇਹ ਉਸਦੇ ਨਾਂਅ ਦੀ ਸੋਧ ਕਰਨ ਵਾਲਾ ਹੈ। ਉਸਦੇ ਨਾਂਅ ਦਾ ਭੈਅ, ਆਦਰ ਅਤੇ ਸਨਮਾਨ ਹੋਣਾ ਜ਼ਰੂਰੀ ਹੈ (ਵੇਖੋ ਕੂਚ 20:7)।

''ਪਾਕ ਮੰਨਿਆ'' (*hagiazo*) ਦਾ ਇਕ ਪੁਰਾਣਾ ਅਨੁਵਾਦ ਹੈ ਜਿਸ ਤੋਂ ਭਾਵ ਹੈ ''ਪਵਿੱਤਰ ਬਣਾਓ।'' ਸਚਮੁਚ ਵਿਚ ਖ਼ੁਦਾ ਦੇ ਨਾਂਅ ਨੂੰ ਪਾਕ ਮੰਨਣ ਲਈ ਅੰਗ੍ਰੇਜ਼ੀ ਸ਼ਬਦ hallowed ਵਿਚ ਉਸ ਦਾ ਆਦਰ ਕਰਨਾ, ਉਸਨੂੰ ਵਡਿਆਈ ਦੇਣਾ ਅਤੇ ਉਸਦੀ ਗੱਲ ਮੰਨਣਾ ਸ਼ਾਮਿਲ ਹੈ (5:16; 7:21; 1 ਕੁਰਿੰਥੀਆਂ 10:31)। ''ਹਾਲੋਡ'' ਨਾਲ ਜੁੜੇ ਹੋਰ ਸ਼ਬਦ ''ਸੰਤ'' (*saint*), ''ਪਵਿੱਤਰ'' (*sanctify*) ਅਤੇ ''ਪਵਿੱਤਰ ਕਰਨਾ'' (*sanctification*) ਹਨ। ਖ਼ੁਦਾ ਪਾਕ ਹੈ ਅਤੇ ਉਸਦੀ ਸੰਤਾਨ ਵੀ ਪਾਕ ਹੋਣੀ ਚਾਹੀਦੀ ਹੈ (1 ਪਤਰਸ 1:15, 16)।

**ਆਇਤ 10.** ਖ਼ੁਦਾ ਨੂੰ ਸੰਬੋਧਨ ਕਰਨ ਅਤੇ ਉਸਦੀ ਤਾਰੀਫ਼ ਕਰਨ ਦੇ ਬਾਅਦ ਯਿਸੂ ਇਹ ਕਹਿੰਦਿਆਂ ਕਿ **''ਤੇਰਾ ਰਾਜ ਆਵੇ''** ਉਸਦੇ ਰਾਜ ਵੱਲ ਮੁੜ ਆਇਆ। ਯਿਸੂ ਵੱਲੋਂ ਆਪਣੇ ਚੇਲਿਆਂ ਨੂੰ ਇਹ ਦੁਆ ਸਿਖਾਉਣ ਵੇਲੇ, ਖ਼ੁਦਾ ਦਾ ਰਾਜ ਅਜੇ ਭਵਿੱਖ ਵਿਚ ਆਉਣ ਵਾਲਾ ਸੀ (3:2; 4:17; 10:7; ਮਰਕੁਸ 9:1; ਰਸੂਲਾਂ ਦੇ ਕੰਮ 1:6–8)। ਇਹ ਦੁਆ ਉਸਦੀ ਰਾਹ ਤੱਕਦਿਆਂ ਜਿਸ ਨੇ ਪੈਂਟੀਕਾਸਟ ਵਾਲੇ ਦਿਨ ਆਉਣਾ ਸੀ, ਜਿਵੇਂ ਕਿ ਰਸੂਲਾਂ ਦੇ ਕੰਮ 2 ਅਧਿਆਇ ਵਿਚ ਪਤਾ ਲਗਦਾ ਹੈ, ਉਡੀਕ ਕਰਨ ਦੀ ਦੁਆ ਸੀ। ਉਸ ਦਿਨ ਪਤਰਸ ਨੇ ਪਹਿਲੀ ਵਾਰ ਭਰਪੂਰੀ ਨਾਲ ਇੰਜੀਲ ਦਾ ਪ੍ਰਚਾਰ ਕੀਤਾ। ਉਸਨੇ ਕਿਹਾ ਕਿ ਖ਼ੁਦਾ ਨੇ ਯਿਸੂ ਨੂੰ ਦਾਊਦ ਦੀ ਗੱਦੀ ਉੱਤੇ ਬਿਠਾਉਣ ਲਈ ਜ਼ਿੰਦਾ ਕੀਤਾ ਅਤੇ ਇਹ ਕਿ ਇਸ ਵਕਤ ਉਹ ਸੁਰਗ ਵਿਚ ਖ਼ੁਦਾ ਦੇ ਰਾਜ ਤੇ ਹਕੂਮਤ ਕਰ ਰਿਹਾ ਹੈ (ਰਸੂਲਾਂ ਦੇ ਕੰਮ 2:24–36)। ਯਿਸੂ ਨੂੰ ''ਪ੍ਰਭੂ ਵੀ ਅਤੇ ਮਸੀਹ ਵੀ'' ਬਣਾ ਦਿੱਤਾ ਗਿਆ ਹੈ (ਰਸੂਲਾਂ ਦੇ ਕੰਮ 2:36), ਭਾਵ ''ਮਸੀਹ'' ਯਾਨੀ ਮਸੀਹਾ ਜਾਂ ''ਖ਼ੁਦਾ ਦਾ ਮਸਹ ਕੀਤਾ ਹੋਇਆ।'' ਰਾਜ ਆ ਚੁਕਿਆ ਹੈ (ਕੁਲੁੱਸੀਆਂ 1:13; ਇਬਰਾਨੀਆਂ 12:28; ਪ੍ਰਕਾਸ਼ ਦੀ ਪੋਥੀ 1:9)। ਮਸੀਹ ਹੁਣ ਇਸ ਉੱਤੇ ਹਕੂਮਤ ਕਰ ਰਿਹਾ ਹੈ ਅਤੇ ਉਦੋਂ ਤਕ ਉਹ ਰਾਜ ਕਰਦਾ ਰਹੇਗਾ ਜਦ ਤਕ ਇਸ ਰਾਜ ਨੂੰ ਪਿਤਾ ਦੇ ਸਪੁਰਦ ਨਹੀਂ ਕਰ ਦਿੰਦਾ (1 ਕੁਰਿੰਥੀਆਂ 15:24–26)।

ਰਾਜ ਨਾਲ ਨਜ਼ਦੀਕੀ ਸਬੰਧ ਵਿਚ ਯਿਸੂ ਨੇ ਸਿਖਾਇਆ, **''ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ।''** ਸੁਰਗ ਵਿਚ ਫ਼ਰਿਸ਼ਤਿਆਂ ਦੀ ਫੌਜ ਵੱਲੋਂ ਖ਼ੁਦਾ ਦੀ ਮਰਜ਼ੀ ਨੂੰ ਇੰਨ–ਬਿੰਨ ਪੂਰਾ ਕੀਤਾ ਜਾਂਦਾ ਹੈ। ਯਿਸੂ ਦੇ ਚੇਲਿਆਂ ਨੂੰ ਧਰਤੀ ਦੇ ਲੋਕਾਂ ਦੇ ਮਨਾਂ ਵਿਚ ਉਹੀ ਅਧੀਨਤਾ ਪਾਉਣ ਲਈ ਦੁਆ ਕਰਨ ਲਈ ਕਿਹਾ ਗਿਆ ਸੀ। ਇਸ ਤਰ੍ਹਾਂ ਦੀ ਦੁਆ ਪਾਉਣ ਲਈ ਚੇਲਿਆਂ ਦਾ ਖ਼ੁਦਾ ਦੀ ਮਰਜ਼ੀ ਅੱਗੇ ਪਹਿਲਾਂ ਆਪਣੀਆਂ ਜ਼ਿੰਦਗੀਆਂ ਵਿਚ ਪੂਰਣ ਸਮਰਪਣ ਜ਼ਰੂਰੀ ਹੈ। ਇਸ ਹਲੀਮ ਵਿਹਾਰ ਲਈ ਬੜੀ ਕੁਰਬਾਨੀ ਦੀ ਲੋੜ ਹੋ ਸਕਦੀ ਹੈ। ਯਿਸੂ ਵੱਲੋਂ ਗਥਸਮਨੀ ਵਿਚ ਅਜਿਹੇ ਹੀ ਬੋਲ ਕਹਿ ਕੇ ਆਖ਼ਰੀ ਕੀਮਤ ਚੁਕਾ ਦਿੱਤੀ ਗਈ ਸੀ: ''ਤਾਂ ਵੀ ਮੇਰੀ ਮਰਜ਼ੀ ਨਹੀਂ ਪਰ ਤੇਰੀ ਹੋਵੇ'' (ਲੂਕਾ 22:42)।

**ਆਇਤ 11.** ਯਿਸੂ ਨੇ ਛੇਤੀ ਨਾਲ ਗੱਲ ਰੂਹਾਨੀ ਮਾਮਲਿਆਂ ਤੋਂ ਜਿਸਮਾਨੀ ਲੋੜਾਂ ਵੱਲ ਨੂੰ ਮੋੜ ਦਿੱਤੀ। ਉਸਨੇ ਕਿਹਾ, **''ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦਿਹ।''** ਅਨੁਵਾਦ ਹੋਏ ਸ਼ਬਦ ''ਰੋਜ਼'' ਦਾ ਯੂਨਾਨੀ ਸ਼ਬਦ (*epiousios*) ਲਿਖਤ ਵਿਚ ਕਿਤੇ ਹੋਰ ਨਹੀਂ ਮਿਲਦਾ (ਲੂਕਾ 11:3 ਵਿਚ ਸਮਾਨਾਂਤਰ ਵਿਰਤਾਂਤ ਦੇ ਅਪਵਾਦ ਨਾਲ)। ਇਸ ਸ਼ਬਦ ਦਾ ਅਰਥ ''ਕਾਫ਼ੀ,'' ''ਰੋਜ਼,'' ਜਾਂ ''ਕੱਲ ਲਈ'' ਹੋ ਸਕਦਾ ਹੈ। ਸਹੀ ਸਹੀ ਅਨੁਵਾਦ ਜੋ ਵੀ ਹੋਵੇ, ਖ਼ੁਦਾ ਲਈ ਦੁਆ ਆਦਮੀ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਹੈ। ''ਰੋਜ਼'' ਦੀ ਥਾਂ ਲੂਕਾ 11:3 ਵਿਚ ''ਹਰ ਰੋਜ਼'' ਹੈ (NASB- ਅਨੁਵਾਦਕ)।

ਜ਼ਿਆਦਾਤਰ ਗਰੀਬ ਮੁਲਕਾਂ ਵਿਚ ਅੱਜ ਵੀ ਲੋਕਾਂ ਨੂੰ ਉਸੇ ਦਿਨ ਦੇ ਖਾਣੇ ਲਈ ਮਜ਼ਦੂਰੀ ਪਾਉਣ ਵਾਸਤੇ ਪੂਰਾ ਦਿਨ ਕੰਮ ਕਰਨਾ ਪੈਂਦਾ ਹੈ। ਜ਼ਿਆਦਾਤਰ ਖੁਸ਼ਹਾਲੀ ਨਾਲ ਆਦਮੀ ਦੇ ਅੰਦਰ ਸ਼ੁਕਰਗੁਜ਼ਾਰੀ ਨਹੀਂ ਰਹਿੰਦੀ ਅਤੇ ਰੋਜ਼ ਖ਼ੁਦਾ ਉੱਤੇ ਨਿਰਭਰਤਾ ਘਟ ਜਾਂਦੀ ਹੈ (ਵਿਵਸਥਾਸਾਰ 6:10–12; 8:11–18)। ਜਦ ਖ਼ੁਦਾ ਨੇ ਅਸਮਾਨ ਤੋਂ ਇਸਰਾਏਲੀਆਂ ਲਈ ਮੰਨਾ ਨਾਲ ਉਪਾਅ ਕੀਤਾ ਸੀ ਤਾਂ ਉਹ ਉਨ੍ਹਾਂ ਨੂੰ ਸੱਬਤ ਦੇ ਦਿਨ ਦੀ ਤਿਆਰੀ ਨੂੰ ਛੱਡ ਕੇ ਇਕ ਦਿਨ ਲਈ ਓਨਾਂ ਕੁ ਦਿੰਦਾ ਸੀ ਜਿੰਨਾਂ ਉਨ੍ਹਾਂ ਨੂੰ ਲੋੜ ਹੁੰਦੀ ਸੀ (ਕੂਚ 16:12–31)। ਜੇ ਇਕ ਦਿਨ ਨਾਲੋਂ ਵੱਧ ਦਾ ਰਾਸ਼ਨ ਜਮ੍ਹਾ ਕਰ ਲਿਆ ਜਾਂਦਾ ਤਾਂ ਮੰਨਾ ਖਰਾਬ ਹੋ ਜਾਂਦਾ ਅਤੇ ਅਗਲੀ ਸਵੇਰ ਉਸ ਵਿਚ ਕੀੜੇ ਪੈ ਜਾਂਦੇ ਸਨ। ਯਾਕੂਬ ਨੇ ਸਾਨੂੰ ਸਮਝਾਇਆ ਹੈ ਕਿ ਕੱਲ ਦੀ ਫ਼ਿਕਰ ਕਰਨੀ ਬੇਵਕੂਫ਼ੀ ਹੈ ਕਿਉਂ ਜੋ ਹੋ ਸਕਦਾ ਹੈ ਕਿ ਕਲ ਕਦੇ ਆਵੇ ਹੀ ਨਾ (ਯਾਕੂਬ 4:13–15; ਵੇਖੋ ਮੱਤੀ 6:34)।

**ਆਇਤ 12.** ਯਿਸੂ ਦੇ ਮੁਤਾਬਕ ਦੁਆ ਵਿਚ ਧਿਆਨ ਦੇਣ ਵਾਲੀ ਇਕ ਹੋਰ ਗੱਲ ਮਾਫ਼ੀ ਦੀ ਹੈ। **ਕਰਜ਼** ਲਈ ਸ਼ਬਦ (*opheilema*) ''ਪਾਪ'' ਲਈ ਪੰਜ ਯੂਨਾਨੀ ਸ਼ਬਦਾਂ ਵਿੱਚੋਂ ਇਕ ਹੈ (ਵੇਖੋ ਲੂਕਾ 11:4), ਅਤੇ ਨਵੇਂ ਨੇਮ ਵਿਚ ਇਸ ਦੀ ਵਰਤੋਂ ਸਿਰਫ਼ ਕੁਝ ਹੀ ਵਾਰ ਹੋਈ ਹੈ। ਪਰ ਇਸ ਦੇ ਕਿਰਿਆ ਰੂਪ ਦੀ ਤੀਹ ਤੋਂ ਵੱਧ ਵਾਰ ਹੋਈ ਹੈ। ਅਰਾਮੀ ਭਾਸ਼ਾ ਵਿਚ ਜੋ ਕਿ ਯਿਸੂ ਦੇ ਸਮੇਂ ਦੇ ਫ਼ਲਿਸਤੀਨ ਦੀ ਬੋਲਚਾਲ ਦੀ ਭਾਸ਼ਾ ਸੀ ਪਾਪ ਨੂੰ ''ਕਰਜ਼'' (*hoba*) ਮੰਨਿਆ ਜਾਂਦਾ ਸੀ।[25] ਖ਼ੁਦਾ ਦੀ ਕਿਰਪਾ ਦੇ ਸਿੰਘਾਸਣ ਕੋਲ ਆਉਣ ਵਿਚ ਇਸ ਸ਼ਬਦ ਦੀ ਵਰਤੋਂ ਕਰਨਾ ਸਹੀ ਹੈ, ਕਿਉਂਕਿ ਅਸੀਂ ਸਭ **ਕਰਜ਼ਾਈ** ਹਾਂ। ਮਾਫ਼ ਨਾ ਕਰਨ ਵਾਲੇ ਸੇਵਕ ਦਾ ਯਿਸੂ ਦਾ ਦ੍ਰਿਸ਼ਟਾਂਤ (18:23–35) ਸਾਨੂੰ ਇਹੀ ਸੱਚਾਈ ਸਮਝਾਉਣ ਲਈ ਦਿੱਤਾ ਗਿਆ ਸੀ। ਇਸ ਦ੍ਰਿਸ਼ਟਾਂਤ ਦਾ ਇਕ ਹੋਰ ਸਬਕ ਇਹ ਹੈ ਕਿ ਜਿਹੜੇ ਲੋਕ ਮਾਫ਼ ਨਹੀਂ ਕਰ ਸਕਦੇ ਉਨ੍ਹਾਂ ਨੂੰ ਖ਼ੁਦਾ ਤੋਂ ਮਾਫ਼ੀ ਨਹੀਂ ਮਿਲੇਗੀ। ਯਿਸੂ ਨੇ ਦੁਆ ਦੀ ਆਪਣੀ ਉਦਾਹਰਣ ਵਿਚ ਸਾਫ਼ ਕਰ ਦਿੱਤਾ ਅਤੇ ਫਿਰ 6:14, 15 ਵਿਚ ਇਸ ਨੂੰ ਹੋਰ ਵਿਸਥਾਰ ਦਿੱਤਾ। ਪਿਤਾ ਵੱਲੋਂ ਸਾਨੂੰ ਮਾਫ਼ੀ ਮਿਲਣਾ ਸਾਡੇ ਆਪਣੇ ਖ਼ਿਲਾਫ਼ ਪਾਪ ਕਰਨ ਵਾਲਿਆਂ ਨੂੰ **ਮਾਫ਼** ਕਰਨ ਦੀ ਸਾਡੀ ਇੱਛਾ ਤੇ ਨਿਰਭਰ ਹੈ, ਭਾਵੇਂ ਉਹ ਇਸ ਦੇ ਹੱਕਦਾਰ ਹੋਣ ਜਾਂ ਨਾ। ਸਾਨੂੰ ਵੀ ਉਵੇਂ ਹੀ ਮਾਫ਼ ਕਰਨਾ ਜ਼ਰੂਰੀ ਹੈ, ਜਿਵੇਂ ਯਿਸੂ ਨੇ ਦੂਜਿਆਂ ਨੂੰ ਮਾਫ਼ ਕੀਤਾ, ਇੱਥੋਂ ਤਕ ਕਿ ਉਨ੍ਹਾਂ ਨੂੰ

ਵੀ ਜਿਨ੍ਹਾਂ ਉਸ ਨੂੰ ਸਲੀਬ ਤੇ ਚੜ੍ਹਾਇਆ (ਲੂਕਾ 23:34)।

**ਆਇਤ 13.** ਯਿਸੂ ਨੇ ਆਪਣੀਆਂ ਬੇਨਤੀਆਂ ਇਹ ਕਹਿੰਦਿਆਂ ਖਤਮ ਕੀਤੀਆਂ ਕਿ **''ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ।''** ''ਪਰਤਾਵੇ'' ਲਈ ਯੂਨਾਨੀ ਸ਼ਬਦ (*peirasmos*) ਤੋਂ ਭਾਵ ਖ਼ੁਦਾ ਵੱਲੋਂ ''ਪਰਖ'' ਜਾਂ ਸ਼ੈਤਾਨ ਵੱਲੋਂ ''ਅਜ਼ਮਾਇਸ਼'' ਹੋ ਸਕਦਾ ਹੈ (4:1 ਤੇ ਟਿੱਪਣੀਆਂ ਵੇਖੋ)। ਖ਼ੁਦਾ ਸਾਨੂੰ ਅਜ਼ਮਾਇਸ਼ ਵਿਚ ਪੈਣ ਤਾਂ ਦਿੰਦਾ ਹੈ ਪਰ ''ਉਹ ਆਪ ਕਿਸੇ ਨੂੰ ਨਹੀਂ ਪਰਤਾਉਂਦਾ ਹੈ'' (ਯਾਕੂਬ 1:13)। ਜਦ ਖ਼ੁਦਾ ਸਾਨੂੰ ਅਜ਼ਮਾਇਸ਼ ਵਿਚ ਪੈਣ ਦਿੰਦਾ ਹੈ ਤਾਂ ਉਹ ਉਸ ਉੱਤੇ ਹੱਦ ਲਾ ਦਿੰਦਾ ਹੈ ਜੋ ਸ਼ੈਤਾਨ ਸਾਡੇ ਨਾਲ ਕਰ ਸਕਦਾ ਹੈ (ਅੱਯੂਬ 1; 2), ਅਤੇ ''ਬਚ ਜਾਣ ਦਾ ਉਪਾਅ ਵੀ ਕੱਢ'' ਦਿੰਦਾ ਹੈ (1 ਕੁਰਿੰਥੀਆਂ 10:13)।

''ਸਾਨੂੰ ਪਰਤਾਵੇ ਵਿਚ ਨਾ ਲਿਆ'' ਦੇ ਸਹੀ ਸਹੀ ਅਰਥ ਤੇ ਆਮ ਤੌਰ ਤੇ ਬਹਿਸ ਕੀਤੀ ਜਾਂਦੀ ਹੈ। ਅਸੀਂ ਪੁੱਛਦੇ ਹਾਂ, ''ਭਲਾ ਖ਼ੁਦਾ ਕਿਸੇ ਨੂੰ ਵੀ ਅਜ਼ਮਾਇਸ਼ ਵਿਚ ਪਾਉਂਦਾ ਹੈ?'' ਪਰ ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ''ਯਿਸੂ ਆਤਮਾ ਦੀ ਅਗਵਾਈ ਨਾਲ ਉਜਾੜ ਵਿਚ ਗਿਆ ਭਈ ਸ਼ੈਤਾਨ ਕੋਲੋਂ ਪਰਤਾਇਆ ਜਾਵੇ'' (4:1)। ਰੂਹਾਨੀ ਖੇਤਰ ਵਿਚ ਹੋਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਭਾਵੇਂ ਸਾਡੇ ਲਈ ਅਜੇ ਰਹੱਸ ਹੀ ਹਨ (ਅਫ਼ਸੀਆਂ 6:12), ਪਰ ਅਸੀਂ ਐਨਾਂ ਪੱਕਾ ਕਹਿ ਸਕਦੇ ਹਾਂ ਕਿ ''ਪ੍ਰਭੂ ਭਗਤਾਂ ਨੂੰ ਪਰਤਾਵੇ ਵਿੱਚੋਂ ਕੱਢਣਾ ਜਾਣਦਾ ਹੈ'' (2 ਪਤਰਸ 2:9)। ਇਸ ਕਰਕੇ ਯਿਸੂ ਦੇ ਚੇਲਿਆਂ ਨੂੰ ਦੁਆ ਕਰਨੀ ਚਾਹੀਦੀ ਹੈ ਕਿ ਉਹ ''ਪਰਤਾਵੇ ਵਿਚ ਨਾ ਪੈਣ'' (26:41) ਅਤੇ ਖ਼ੁਦਾ ਉਨ੍ਹਾਂ ਨੂੰ ''ਬੁਰਿਆਈ'' ਜਾਂ ''ਉਸ ਦੁਸ਼ਟ'' ਤੋਂ ਛੁਡਾ ਲਵੇ।

ਬਾਅਦ ਦੀਆਂ ਯੂਨਾਨੀ ਹੱਥ ਲਿਖਤਾਂ ਵਿਚ ਤਾਰੀਫ਼ ਦਾ ਇਹ ਗੀਤ ਸ਼ਾਮਿਲ ਕੀਤਾ ਗਿਆ ਹੈ (NASB) ਅਤੇ ਹਿੰਦੀ ਬਾਈਬਲ ਵਿਚ ਬਰੈਕਟਾਂ ਵਿਚ ਰੱਖਿਆ ਗਿਆ ਹੈ। ''*[ਕਿਉਂ ਜੋ ਰਾਜ ਅਤੇ ਕੁਦਰਤ ਅਤੇ ਵਡਿਆਈ ਸਦਾ ਤੇਰੇ ਹਨ। ਆਮੀਨ।]*'' *ਦ ਡਿਡੇਕ* ਨਾਮਕ ਦੂਜੀ ਸਦੀ ਦੇ ਇਕ ਮਸੀਹੀ ਲੇਖ ਦਾ ਅੰਤ ਇਸ ਤਰ੍ਹਾਂ ਹੁੰਦਾ ਹੈ: ''ਕਿਉਂ ਜੋ ਕੁਦਰਤ ਅਤੇ ਵਡਿਆਈ ਸਦਾ ਤੇਰੇ ਹੀ ਹਨ।''[26] ਤਾਰੀਫ਼ ਦੇ ਗੀਤ ਦੇ ਵਿਸ਼ੇ (''ਰਾਜ,'' ''ਕੁਦਰਤ,'' ਅਤੇ ''ਵਡਿਆਈ'') ਦੁਆ ਦੀਆਂ ਸ਼ੁਰੂਆਤੀ ਗੱਲਾਂ ਨੂੰ ਵਿਖਾਉਂਦੇ ਹਨ (6:9, 10)।

**ਸ਼ਰਤ ਸਹਿਤ ਮਾਫ਼ੀ** (6:14, 15)

**14 ''ਕਿਉਂ ਜੋ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ। 15 ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਹੀਂ ਕਰੇਗਾ।''**

**ਆਇਤਾਂ 14, 15. ਮਾਫ਼** ਲਈ ਯੂਨਾਨੀ ਸ਼ਬਦ (*aphiemi*) ਉਹੀ ਸ਼ਬਦ ਹੈ ਜਿਸ ਦਾ ਅਰਥ ''ਸੁੱਟਣਾ'' ਰੱਦ ਕਰਨਾ ਜਾਂ ''ਮਾਫ਼ ਕਰਨਾ'' ਹੈ। ਜਦ ਅਸੀਂ ਪਾਪ ਕਰਦੇ ਹਾਂ ਅਤੇ ਖ਼ੁਦਾ ਤੋਂ ਮਾਫ਼ੀ ਮੰਗਦੇ ਹਾਂ ਤਾਂ ਉਹ ਸਾਥੋਂ ਸਾਡੇ ਪਾਪਾਂ ਨੂੰ ਕੱਢ ਕੇ ਉਸ ਨੂੰ ਦੂਰ ਸੁੱਟ ਦਿੰਦਾ ਹੈ। ਬੇਸ਼ੱਕ ਉਹ ਪਾਪ ਨੂੰ ਭੁੱਲਦਾ ਤਾਂ ਨਹੀਂ ਹੈ ਪਰ ਉਹ ਉਸ ਪਾਪ ਨੂੰ ਦੋਬਾਰਾ ਸਾਡੇ ਖ਼ਿਲਾਫ਼ ਨਹੀਂ ਰਹਿਣ ਦਿੰਦਾ ਜਿਸ ਕਰਕੇ ਸਾਡੇ ਨਾਲ ਇਵੇਂ ਸਲੂਕ ਕਰਦਾ ਹੈ ਜਿਵੇਂ ਕਦੇ ਕੁਝ ਹੋਇਆ ਹੀ ਨਾ ਹੋਵੇ।[27]

**ਅਪਰਾਧ** (*paraptoma*) ਦੇ ਬਹੁਵਚਨ ਰੂਪ ਤੋਂ ਅਨੁਵਾਦ ਕੀਤਾ ਗਿਆ ਹੈ ਜਿਸ ਦਾ ਅਰਥ ''ਉਲੰਘਣਾ'' ਵੀ ਹੋ ਸਕਦਾ ਹੈ। ਇੰਜੀਲ ਦੇ ਵਿਰਤਾਂਤਾਂ ਵਿਚ ਇਸ ਸ਼ਬਦ ਦੀ ਵਰਤੋਂ ਸਿਰਫ਼ ਇੱਥੇ ਅਤੇ ਮਰਕੁਸ 11:25, 26 ਵਿਚ ਹੀ ਹੋਈ ਹੈ। ਇਸ ਵਿਚ ''ਖਿੜਕਣ,'' ''ਠੋਕਰ ਲੱਗਣ'' ਜਾਂ

''ਡਿੱਗਣ'' ਦਾ ਵਿਚਾਰ ਮਿਲਦਾ ਹੈ। ਆਇਤ 12 ਵਿਚ ''ਕਰਜ਼'' (*opheilema*) ਸ਼ਬਦ ਵਾਂਗ ਇਹ ''ਪਾਪ'' ਲਈ ਇਕ ਹੋਰ ਸ਼ਬਦ ਹੈ। ਖ਼ੁਦਾ ਵੱਲੋਂ ਸਾਡੀ ਮਾਫ਼ੀ ਸਾਡਾ ਪਾਪ ਕਰਨ ਵਾਲਿਆਂ ਦੇ **ਅਪਰਾਧ ਮਾਫ਼** ਕਰਨ ਦੀ ਸਾਡੀ ਇੱਛਾ ਤੇ ਨਿਰਭਰ ਹੈ। ਜੇ ਅਸੀਂ ਮਾਫ਼ੀ ਰੱਖ ਲੈਂਦੇ ਹਾਂ, ਤਾਂ ਖ਼ੁਦਾ ਵੀ ਸਾਨੂੰ **ਮਾਫ਼ ਨਾ ਕਰੇਗਾ।**

## ਰੋਜ਼ਾ ਰੱਖਣਾ (6:16-18)

**[16]''ਅਤੇ ਜਾਂ ਤੁਸੀਂ ਵਰਤ ਰੱਖੋ ਤਾਂ ਕਪਟੀਆਂ ਵਾਂਙੁ ਮੂੰਹ ਉਦਾਸ ਨਾ ਬਣਾਓ ਕਿਉਂ ਜੋ ਉਹ ਆਪਣੇ ਮੂੰਹ ਇਸ ਲਈ ਵਿਗਾੜਦੇ ਹਨ ਭਈ ਉਹ ਮਨੁੱਖਾਂ ਨੂੰ ਵਰਤੀ ਮਲੂਮ ਹੋਣ। ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਉਹ ਆਪਣਾ ਫਲ ਪਾ ਚੁੱਕੇ [17]ਪਰ ਜਾਂ ਤੂੰ ਵਰਤ ਰੱਖੇਂ ਤਾਂ ਆਪਣੇ ਸਿਰ ਉੱਤੇ ਤੇਲ ਲਾ ਅਤੇ ਆਪਣਾ ਮੂੰਹ ਧੋ। [18]ਤੂੰ ਮਨੁੱਖਾਂ ਨੂੰ ਨਹੀਂ ਪਰ ਆਪਣੇ ਪਿਤਾ ਨੂੰ ਜਿਹੜਾ ਗੁਪਤ ਹੈ ਵਰਤੀ ਮਲੂਮ ਹੋਵੇਂ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿਚ ਵੇਖਦਾ ਹੈ ਤੈਨੂੰ ਫਲ ਦੇਵੇਗਾ।''**

ਦੇਣ (6:2–4) ਅਤੇ ਦੁਆ ਕਰਨ (6:5–15), ਤੇ ਚਰਚਾ ਕਰਨ ਦੇ ਬਾਅਦ ਯਿਸੂ ਨੇ ਤਿੰਨ ਵੱਡੀਆਂ ਰੂਹਾਨੀ ਰਹਿਤਾਂ ਵਿੱਚੋਂ ਦੂਜੀ ਰਹਿਤ ਰੋਜ਼ੇ ਰੱਖਣ ਨੂੰ ਲਿਆ ਜਿਸ ਵਿਚ ਉਸਦੇ ਚੇਲਿਆਂ ਨੇ ਸ਼ਾਮਿਲ ਹੋਣਾ ਸੀ (6:16–18)। ਇਕ ਵਾਰ ਫੇਰ ਉਸਨੇ ਮਨੁੱਖਾਂ ਨੂੰ ਵਿਖਾਉਣ ਲਈ ਧਰਮ ਦੇ ਉਨ੍ਹਾਂ ਦੇ ਕੰਮਾਂ ਬਾਰੇ ਚਿਤਾਵਨੀ ਦਿੱਤੀ।

**ਆਇਤ 16.** ਯਿਸੂ ਨੇ ਰੋਜ਼ਾ ਰੱਖਣ ਦੀ ਆਪਣੀ ਚਰਚਾ ਦੀ ਸ਼ੁਰੂਆਤ **ਜਾਂ ਤੁਸੀਂ ਵਰਤ ਰੱਖੋ** ਵਾਕਅੰਸ਼ ਨਾਲ ਕੀਤੀ। ਯਹੂਦੀਆਂ ਦੇ ਦਾਨ ਦੇਣ (6:2) ਅਤੇ ਦੁਆਵਾਂ ਕਰਨ (6:5) ਵਾਂਗ ਹੀ ਰੋਜ਼ਾ ਰੱਖਣਾ ਵੀ ਉਹ ਗਤੀਵੀਧੀ ਸੀ ਜਿਸ ਨੂੰ ਯਿਸੂ ਨੇ ਮੰਨਿਆ ਕਿ ਉਸ ਦੇ ਚੇਲੇ ਪਹਿਲਾਂ ਹੀ ਕਰ ਰਹੇ ਸਨ।

''ਵਰਤ'' ਲਈ ਪੁਰਾਣੇ ਨੇਮ ਦਾ ਇਬਰਾਨੀ ਭਾਸ਼ਾ ਦਾ ਸ਼ਬਦ (*tsum*) ਹੈ। ਪ੍ਰਾਸਚਿਤ ਦੇਣ ਦੇ ਸਬੰਧ ਵਿਚ ਰੋਜ਼ਾ ਰੱਖਣ ਦਾ ਵਿਚਾਰ ਜਾਨ (ਲੇਵੀਆਂ ਦੀ ਪੋਥੀ 16:29–31) ਨੂੰ ਹਲੀਮ ਕਰਨਾ ''ਦੁੱਖ ਦੇਣਾ'' (KJV) ਹੈ। ਸ਼ਰ੍ਹਾ ਵਿਚ ਅਸਲ ਵਿਚ ਸਿਰਫ਼ ਇਸੇ ਰੋਜ਼ੇ ਦਾ ਹੁਕਮ ਦਿੱਤਾ ਗਿਆ ਸੀ, ਪਰ ਸਦੀਆਂ ਤੋਂ ਰੋਜ਼ੇ ਦੇ ਹੋਰ ਦਿਨਾਂ ਨੇ ਵੀ ਆਪਣੀ ਥਾਂ ਬਣਾ ਲਈ ਸੀ। ਰਵਾਇਤ ਮੁਤਾਬਿਕ, ''ਪਰਾਸ਼ਚਿਤ ਵਾਲੇ ਦਿਨ (1) ਖਾਣ, (2) ਪੀਣ, (3) ਨਹਾਉਣ, (4) ਕਿਸੇ ਵੀ ਤਰ੍ਹਾਂ ਦਾ ਤੇਲ ਲਾਉਣ, (5) ਜੁੱਤੀ ਪਾਉਣ ਜਾਂ (6) ਸਰੀਰਕ ਸਬੰਧ ਬਨਾਉਣ ਦੀ ਮਨਾਹੀ ਸੀ।''[28]

ਪੁਰਾਣੇ ਨੇਮ ਦੇ ਕੁਝ ਰੋਜ਼ੇ ਕਦੇ ਕਦੇ ਹੁੰਦੇ ਸਨ ਅਤੇ ਉਹ ਗੈਰ ਮਾਮੂਲੀ ਸਨ, ਜਦਕਿ ਹੋਰ ਰੋਜ਼ੇ ਲਗਾਤਾਰ ਕੀਤੇ ਜਾਂਦੇ ਸਨ। ਰੋਜ਼ਾ ਰੱਖਣਾ ਬੀਮਾਰੀ, ਦੁੱਖ, ਆਫ਼ਤ, ਪਾਪ ਲਈ ਸੋਗ ਅਤੇ ਹੋਰ ਨਾਜ਼ੁਕ ਹਾਲਾਤ ਵਾਸਤੇ ਹੁੰਦਾ ਸੀ (ਵੇਖੋ ਜ਼ਬੂਰ 35:13)। ਦਾਊਦ ਨੇ ਰੋਜ਼ਾ ਰੱਖਿਆ ਸੀ ਜਦੋਂ ਉਸ ਦਾ ਬੇਟਾ ਬੀਮਾਰ ਸੀ ਅਤੇ ਮਰਨ ਕੰਢੇ ਸੀ (2 ਸਮੂਏਲ 12:16–23)। ਯਾਬੇਸ਼ ਵਾਸੀਆਂ ਨਾਲ ਉਸ ਨੇ ਸਾਊਲ ਅਤੇ ਉਸਦੇ ਪੁੱਤਰਾਂ ਲਈ ਰੋਜ਼ਾ ਰੱਖਿਆ ਅਤੇ ਸੱਤ ਦਿਨਾਂ ਤਕ ਉਨ੍ਹਾਂ ਦਾ ਸੋਗ ਕੀਤਾ ਸੀ (1 ਸਮੂਏਲ 31:12, 13; 2 ਸਮੂਏਲ 1:11–16)। ਮੂਸਾ ਅਤੇ ਦਾਨੀਏਲ ਦੋਹਾਂ ਨੇ ਖ਼ੁਦਾ ਤੋਂ ਮੁਕਾਸ਼ਫ਼ਾ ਪਾਉਣ ਤੋਂ ਪਹਿਲਾਂ ਰੋਜ਼ਾ ਰੱਖਿਆ ਸੀ (ਕੂਚ 34:28; ਦਾਨੀਏਲ 9:3)। ਏਲੀਯਾਹ ਨੇ ਇਜ਼ਬਲ ਦੇ ਕਹਿਰ ਤੋਂ ਭੱਜਣ ਵੇਲੇ ਰੋਜ਼ਾ ਰੱਖਿਆ (1 ਰਾਜਿਆਂ 19:8)। ਇੱਥੋਂ ਤਕ ਕਿ ਦੁਸ਼ਟ ਅਹਾਬ ਨੇ ਵੀ ਇਹ ਦੱਸੇ ਜਾਣ ਤੇ ਕਿ ਖ਼ੁਦਾ ਉਸਦੇ ਪਾਪਾਂ ਲਈ ਉਸਨੂੰ ਸਰਾਪ ਦੇਣ ਵਾਲਾ ਹੈ, ਰੋਜ਼ਾ ਰੱਖਿਆ ਸੀ। ਉਸਦੇ ਪ੍ਰਾਸ਼ਚਿਤ ਨੂੰ ਧਿਆਨ ਵਿਚ ਰੱਖਦਿਆਂ ਖ਼ੁਦਾ ਨੇ ਸਰਾਪ ਨੂੰ ਵਾਪਸ ਲੈ ਲਿਆ ਸੀ (1 ਰਾਜਿਆਂ 21:27)। ਪੁਰਾਣੇ ਨੇਮ ਵਿਚ ਸਮੂਹਿਕ ਅਤੇ ਕੌਮੀ ਰੋਜ਼ਿਆਂ ਦੀਆਂ ਉਦਾਹਰਣਾਂ

ਮਿਲਦੀਆਂ ਹਨ (ਯਹੋਸ਼ੁਆ 7:6; ਨਿਆਈਆਂ 20:24–28; 1 ਸਮੂਏਲ 7:6; 2 ਇਤਿਹਾਸ 20:3; ਅਜ਼ਰਾ 8:21–23; ਨਹਮਯਾਹ 9:1; ਯੂਨਾਹ 3:5)। ਯਹੂਦੀਆਂ ਦੇ ਬਾਬੁਲ ਵਿਚ ਬੰਦੀ ਬਣਾ ਕੇ ਲਿਜਾਏ ਜਾਣ ਵੇਲੇ ਉਨ੍ਹਾਂ ਨੇ ਆਪਣੇ ਪਾਪਾਂ ਲਈ ਪਸ਼ਚਾਤਾਪ ਵਿਖਾਉਣ ਲਈ ਰੋਜ਼ੇ ਦੇ ਸਮੇਂ ਤੈਅ ਕਰ ਦਿੱਤੇ ਸਨ। ਜ਼ਕਰਯਾਹ ਨੇ ਲਿਖਿਆ ਹੈ ਕਿ ਰੋਜ਼ੇ ਚੌਥੇ, ਪੰਜਵੇਂ, ਸਤਵੇਂ ਅਤੇ ਦਸਵੇਂ ਮਹੀਨੇ ਰੱਖੇ ਜਾਂਦੇ ਸਨ (ਜ਼ਕਰਯਾਹ 7:1–7; 8:19)।

ਅਨੁਵਾਦ ਹੋਏ ਸ਼ਬਦ ''ਵਰਤ'' ਦਾ ਯੂਨਾਨੀ ਸ਼ਬਦ (*nesteuo*) ਹੈ ਅਤੇ ਇਸ ਨਾਲ ਜੁੜੇ ਨਾਂਉਂ ਸ਼ਬਦ ਨਵੇਂ ਨੇਮ ਵਿਚ ਲਗਭਗ ਤੀਹ ਵਾਰ ਮਿਲਦੇ ਹਨ। ਇਹ ਸ਼ਬਦ ਖਾਣ ਜਾਂ ਪੀਣ ਤੋਂ ਪਰਹੇਜ਼ ਦਾ ਸੰਕੇਤ ਦਿੰਦੇ ਹਨ। ਰੋਜ਼ਾ ਰੱਖਣਾ ਆਮ ਤੌਰ ਤੇ ਰੂਹਾਨੀ ਮਕਸਦ ਨਾਲ ਜੁੜਿਆ ਹੁੰਦਾ ਹੈ। ਸਹੀ ਢੰਗ ਨਾਲ ਰੱਖੇ ਜਾਣ ਤੇ ਇਹ ਮਨੁੱਖ ਨੂੰ ਖ਼ੁਦਾ ਦੇ ਨੇੜੇ ਲੈ ਆਉਂਦਾ ਹੈ। ਇਸੇ ਤਰ੍ਹਾਂ ਆਮ ਤੌਰ ਤੇ ਇਸ ਨੂੰ ਦੁਆ ਨਾਲ ਜੋੜਿਆ ਜਾਂਦਾ ਹੈ (ਲੂਕਾ 2:37; 5:33; ਰਸੂਲਾਂ ਦੇ ਕੰਮ 13:3; 14:23)। ਰੋਜ਼ਾ ਰੱਖਣਾ ਵਿਖਾਵੇ ਲਈ ਨਹੀਂ ਹੈ ਬਲਕਿ ਇਹ ਦਿਲੋਂ ਪਸ਼ਚਾਤਾਪ ਅਤੇ ਸੰਜੀਦਾ ਵਿਹਾਰ ਅਤੇ ਮਨ ਦੀ ਹਾਲਤ ਨੂੰ ਵਿਖਾਉਣ ਦਾ ਸਬੂਤ ਹੈ।

ਯਿਸੂ ਜੋ ਮੂਸਾ ਦੀ ਸ਼ਰ੍ਹਾ ਦੇ ਅਧੀਨ ਰਿਹਾ ਅਤੇ ਮਰਿਆ, ਉਸਨੇ ਸ਼ੈਤਾਨ ਨਾਲ ਸਾਹਮਣੇ ਤੋਂ ਪਹਿਲਾਂ ਚਾਲੀ ਦਿਨ ਅਤੇ ਚਾਲੀ ਰਾਤਾਂ ਰੋਜ਼ਾ ਰੱਖਿਆ (4:2)। ਉਸਨੇ ਚੇਲਿਆਂ ਨੂੰ ਰੋਜ਼ਾ ਰੱਖਣ ਦਾ ਹੁਕਮ ਨਹੀਂ ਦਿੱਤਾ। ਪਰ ਉਸਨੇ ਸੰਕੇਤ ਦਿੱਤਾ ਕਿ ਉਸਦੇ ਚੇਲੇ ਰੋਜ਼ਾ ਰੱਖਣਗੇ।

ਸਾਡੇ ਕੋਲ ਇਹ ਵਿਖਾਉਣ ਲਈ ਕੋਈ ਉਦਾਹਰਣ ਨਹੀਂ ਹੈ ਕਿ ਨਵੇਂ ਨੇਮ ਵਿਚ ਮੁੱਢਲੀ ਕਲੀਸੀਆ ਲਗਾਤਾਰ ਰੋਜ਼ਾ ਰੱਖਦੀ ਰਹੀ। ਮਸੀਹੀ ਲੋਕ ਵੱਡੇ ਫ਼ੈਸਲੇ ਲੈਣ ਤੋਂ ਪਹਿਲਾਂ ਰੋਜ਼ਾ ਰੱਖਦੇ ਸਨ, ਜਿਵੇਂ ਪੌਲੁਸ ਅਤੇ ਬਰਨਾਬਾਸ ਨੂੰ ਪਹਿਲੀ ਮਿਸ਼ਨਰੀ ਯਾਤਰਾ ਭੇਜਣ ਵੇਲੇ (ਰਸੂਲਾਂ ਦੇ ਕੰਮ 13:2), ਅਤੇ ਮੰਡਲੀ ਦੀ ਸੇਵਾ ਲਈ ਐਲਡਰਾਂ ਦੀ ਚੋਣ ਕਰਨ ਤੋਂ ਪਹਿਲਾਂ (ਰਸੂਲਾਂ ਦੇ ਕੰਮ 14:23) ਰੋਜ਼ਾ ਰੱਖਣ ਦਾ ਜ਼ਿਕਰ ਮਿਲਦਾ ਹੈ।

ਮਸੀਹ ਦੇ ਆਉਣ ਵੇਲੇ ਫ਼ਰੀਸੀ ਲੋਕ ਹਫ਼ਤੇ ਵਿਚ ਦੋ ਵਾਰ ਰੋਜ਼ਾ ਰੱਖਦੇ ਸਨ (ਲੂਕਾ 18:12), ਜੋ ਕਿ ਆਮ ਤੌਰ ਤੇ ਸੋਮਵਾਰ ਅਤੇ ਵੀਰਵਾਰ ਹੁੰਦਾ ਸੀ ਕਿਉਂ ਜੋ ਉਹ ਦਿਨ ਬਾਜ਼ਾਰ ਦੇ ਹੁੰਦੇ ਸਨ।[29] ਇਸ ਨਾਲ ਉਨ੍ਹਾਂ ਨੂੰ ਲੋਕਾਂ ਨੂੰ ਆਪਣੇ ਆਪ ਨੂੰ ਭਗਤ ਹੋਣਾ ਵਿਖਾਉਣ ਦਾ ਮੌਕਾ ਮਿਲ ਜਾਂਦਾ ਸੀ। ਇਹ ਉਹੀ ਲੋਕ ਹਨ ਜਿਨ੍ਹਾਂ ਦੀ ਗੱਲ ਯਿਸੂ ਨੇ ਕੀਤੀ ਕਿ ਉਹ **ਆਪਣੇ ਮੂੰਹ ਉਦਾਸ** ਬਣਾਉਂਦੇ ਅਤੇ **ਮੂੰਹ ਵਿਗਾੜਦੇ ਹਨ** ਤਾਂ ਜੋ ਲੋਕਾਂ ਨੂੰ ਪਤਾ ਲੱਗੇ ਕਿ ਉਨ੍ਹਾਂ ਨੇ ਰੋਜ਼ਾ ਰੱਖਿਆ ਹੋਇਆ ਹੈ। ਉਹ ਬਿਨਾਂ ਕੰਘੀ ਕੀਤੇ, ਮੁਚੜੇ ਹੋਏ ਕਪੜੇ ਪਾਈ ਅਤੇ ਬੀਮਾਰ ਜਿਹੇ ਲੱਗਣ ਲਈ ਚਿੱਟਾ ਪਾਊਡਰ ਮੂੰਹ ਉੱਤੇ ਲਾ ਕੇ ਘੁੰਮਦੇ ਹੋਣਗੇ। ਤਾਂ ਜੋ ਉਨ੍ਹਾਂ ਦਾ ਚਿਹਰਾ ਮੁਰਝਾਇਆ ਲੱਗੇ। ਇਕ ਵਾਰ ਫੇਰ ਯਿਸੂ ਨੇ ਕਿਹਾ ਕਿ ਅਜਿਹੇ **ਕਪਟੀ** ਜਿਹੜੇ ਲੋਕਾਂ ਵਿਚ ਖ਼ੁਦਾ ਅੱਗੇ ਹਲੀਮ ਹੋਣ ਦਾ ਨਾਟਕ ਕਰ ਰਹੇ ਸਨ, **ਆਪਣਾ ਫਲ ਪਾ ਚੁੱਕੇ।**

**ਆਇਤਾਂ 17, 18.** ਇਸ ਦੇ ਉਲਟ ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਉਹ ਰੋਜ਼ਾ ਲੋਕਾਂ ਨੂੰ ਵਿਖਾਉਣ ਲਈ ਨਾ ਰੱਖਣ। ਯਹੂਦੀ ਰੀਤ ਦੇ ਖ਼ਿਲਾਫ਼ ਜਾਂਦਿਆਂ ਉਸਨੇ ਕਿਹਾ ਕਿ ਉਸਦੇ ਚੇਲੇ ਰੋਜ਼ਾ ਰੱਖਣ ਵੇਲੇ *[ਆਪਣੇ]* **ਸਿਰ ਉੱਤੇ ਤੇਲ** ਲਾ ਕੇ *[ਆਪਣਾ]* **ਮੂੰਹ ਧੋਣ।**[30] ਇਹ ਸਾਫ਼ ਹੈ ਕਿ ਯਿਸੂ ਨੂੰ ਕਿਸੇ ਦੀ ਧਾਰਮਿਕਤਾ ਨੂੰ ਆਪਣੇ ਆਪ ਵਿਚ ਰੱਖਣ ਦੀ ਐਨੀ ਫਿਕਰ ਨਹੀਂ ਸੀ ਕਿ ਉਸਨੇ ਰਵਾਇਤੀ ਗੱਲਾਂ ਦੇ ਖ਼ਿਲਾਫ਼ ਗੱਲਾਂ ਕੀਤੀਆਂ ਜਿਸ ਨੂੰ ਉਸਦੇ ਸਮਕਾਲੀ ਲੋਕ ਸਖ਼ਤ ਰੋਜ਼ੇ ਦੀਆਂ ਜ਼ਰੂਰੀ ਗੱਲਾਂ ਮੰਨਦੇ ਸਨ।[31] ਇਹ ਮੰਨ ਲਿਆ ਕਿ ਕਈ ਵਾਰ ਰੋਜ਼ੇ ਦੀਆਂ ਗੱਲਾਂ ਨੂੰ ਪੂਰੀ ਤਰ੍ਹਾਂ ਨਾਲ ਗੁਪਤ ਰੱਖਣਾ ਮੁਸ਼ਕਿਲ ਹੋਵੇਗਾ (6:4, 6 ਤੇ ਟਿੱਪਣੀਆਂ ਵੇਖੋ) ਟਿੱਪਣੀਆਂ ਵੇਖੋ, ਪਰ ਚੇਲਿਆਂ ਲਈ ਇਸ ਨੂੰ ਆਪਣੇ ਤਕ ਰੱਖਣ ਦੀ ਕੋਸ਼ਿਸ਼ ਕਰਨੀ ਜ਼ਰੂਰੀ ਸੀ। ਕਹਿਣ ਤੋਂ ਭਾਵ ਇਹ ਹੈ

ਕਿ ਯਿਸੂ ਦੇ ਚੇਲਿਆਂ ਨੂੰ ਧਰਮ ਦੇ ਆਪਣੇ ਕੰਮਾਂ ਨੂੰ ਤਮਾਸ਼ਾ ਬਣਾਉਣ ਲਈ ਨਹੀਂ ਕਰਨਾ ਚਾਹੀਦਾ ਸੀ। ਜੇ ਉਹ ਹਲੀਮੀ ਨਾਲ ਰੋਜ਼ਾ ਰੱਖਦੇ ਤਾਂ ਖ਼ੁਦਾ ਨੇ ਉਨ੍ਹਾਂ ਨੂੰ ਫਲ ਦੇਣਾ ਸੀ।

~~~ **ਸਬਕ** ~~~

## ਦਿਲ ਤੋਂ ਦਾਨ ਦੇਣਾ (6:2-4)

ਮੱਤੀ 6:1–18 ਵਿਚ ਯਿਸੂ ਨੇ ਦਾਨ ਦੇਣ, ਦੁਆ ਕਰਨ ਅਤੇ ਰੋਜ਼ਾ ਰੱਖਣ ਸਣੇ ਧਰਮ ਦੇ ਕੰਮਾਂ ਨੂੰ ਕਰਨ ਤੇ ਗੱਲਬਾਤ ਕੀਤੀ। ਇਨ੍ਹਾਂ ਭਾਗਾਂ ਦੇ ਸ਼ੁਰੂ (6:2–4) ਵਿਚ ਸਾਨੂੰ ਦਾਨ ਦੇਣ ਤੇ ਤਿੰਨ ਸਬਕ ਮਿਲਦੇ ਹਨ।

*ਪਹਿਲਾ, ਸਾਨੂੰ ਖ਼ੁਦਾ ਲਈ ਮੁਹੱਬਤ ਦੇ ਕਾਰਣ ਦਾਨ ਦੇਣਾ ਚਾਹੀਦਾ ਹੈ, ਨਾ ਕਿ ਆਲੇ ਦੁਆਲੇ ਦੇ ਲੋਕਾਂ ਨੂੰ ਵਿਖਾਉਣ ਲਈ।* ਯਿਸੂ ਨੇ ਆਪਣੇ ਚੇਲਿਆਂ ਨੂੰ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਲਈ ਦਾਨ ਦੇਣ ਦੇ ਖ਼ਿਲਾਫ਼ ਚਿਤਾਵਨੀ ਦਿੱਤੀ। ਹਨੱਨੀਯਾਹ ਅਤੇ ਸਫ਼ੀਰਾ ਦੀ ਕਹਾਣੀ ਤੋਂ ਇਹ ਨਿਯਮ ਬੜੀ ਖ਼ੂਬੀ ਨਾਲ ਸਮਝ ਆਉਂਦਾ ਹੈ। ਇਸ ਜੋੜੇ ਨੇ ਕੁਝ ਜ਼ਮੀਨ ਵੇਚੀ ਸੀ ਅਤੇ ਫਿਰ ਹਨੱਨੀਯਾਹ ਨੇ ਉਸ ਤੋਂ ਮਿਲੀ ਰਕਮ ਵਿਚ ਕੁਝ ਰਸੂਲਾਂ ਦੇ ਕਦਮਾਂ ਵਿਚ ਰੱਖ ਦਿੱਤੀ। ਉਸਨੇ ਕੁਝ ਪੈਸਾ ਆਪਣੇ ਕੋਲ ਰੱਖ ਲਿਆ ਜਦਕਿ ਰਸੂਲਾਂ ਨੂੰ ਦੱਸਿਆ ਕਿ ਉਸਨੇ ਉਸ ਵਿੱਚੋਂ ਸਾਰਾ ਦੇ ਦਿੱਤਾ। ਇਹ ਉਸਨੇ ਆਪਣੀ ਪਤਨੀ ਦੀ ਸਲਾਹ ਨਾਲ ਕੀਤਾ ਸੀ। ਉਨ੍ਹਾਂ ਦੇ ਮਿਲ ਕੇ ਧੋਖਾ ਕਰਨ ਦਾ ਨਤੀਜਾ ਉਨ੍ਹਾਂ ਦੋਹਾਂ ਦੀ ਮੌਤ ਹੋਈ; ਖ਼ੁਦਾ ਨੇ ਉਨ੍ਹਾਂ ਦੇ ਕਪਟ ਦੀ ਇਕ ਮਿਸਾਲ ਦੇ ਦਿੱਤੀ (ਰਸੂਲਾਂ ਦੇ ਕੰਮ 5:1–11)। ਯਿਸੂ ਨੇ ਕਿਹਾ ਕਿ ਜੋ ਲੋਕ ਦੂਜਿਆਂ ਨੂੰ ਵਿਖਾਉਣ ਲਈ ਦਿੰਦੇ ਹਨ, ''ਉਹ ਆਪਣਾ ਫਲ ਪਾ ਚੁੱਕੇ'' ਹਨ। ਭਾਵ ਉਨ੍ਹਾਂ ਨੂੰ ਸਿਰਫ਼ ਇਹੀ ਫ਼ਲ ਮਿਲੇਗਾ ਕਿ ਲੋਕ ਉਨ੍ਹਾਂ ਦੀ ਵਾਹ ਵਾਹ ਕਰਨ। ਇਕ ਮਸੀਹੀ ਆਦਮੀ ਦਾ ਦਾਨ ਖ਼ੁਦਾ ਲਈ ਮੁਹੱਬਤ ਰੱਖਣ ਵਾਲੇ ਦਿਲੋਂ ਹੋਣਾ ਚਾਹੀਦਾ ਹੈ। ਯੂਹੰਨਾ ਨੇ ਲਿਖਿਆ, ''ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹਨੇ ਸਾਡੇ ਨਾਲ ਪ੍ਰੇਮ ਕੀਤਾ'' (1 ਯੂਹੰਨਾ 4:19)। ਜਦ ਅਸੀਂ ਖ਼ੁਦਾ ਨੂੰ ਵਡਿਆਈ ਦਿੰਦੇ ਹਾਂ ਤਾਂ ਅਖ਼ੀਰ ਵਿਚ ਉਹ ਸਾਨੂੰ ਉਸ ਦਾ ਫਲ ਦਵੇਗਾ।

*ਦੂਜਾ, ਸਾਨੂੰ ਚੌਕਸੀ ਨਾਲ ਦੇਣਾ ਚਾਹੀਦਾ ਹੈ।* ਦੇਣ ਦੇ ਸਬੰਧ ਵਿਚ ਯਿਸੂ ਨੇ ਕਿਹਾ, ''ਜਾਂ ਤੂੰ ਦਾਨ ਕਰੇਂ ਤਾਂ ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ ਜਾਣੇ।'' ਇਹ, ਇਹ ਕਹਿਣ ਦਾ ਤਰੀਕਾ ਹੋ ਸਕਦਾ ਹੈ ਕਿ ਜਿੱਥੋਂ ਤਕ ਹੋ ਸਕੇ ਦਾਨ ਗੁਪਤ ਵਿਚ ਹੀ ਹੋਵੇ। ਜਦ ਅਸੀਂ ਦਾਨ ਦਈਏ ਤਾਂ ਸਾਨੂੰ ਦੂਜਿਆਂ ਸਾਹਮਣੇ ਆਪਣੀ ਦਰਿਆਦਿਲੀ ਦਾ ਢੰਡੋਰਾ ਨਹੀਂ ਪਿਟਾਉਣਾ ਚਾਹੀਦਾ।

*ਤੀਜਾ, ਸਾਨੂੰ ਸਚਮੁਚ ਦੂਜਿਆਂ ਦੀ ਮਦਦ ਲਈ ਦੇਣਾ ਚਾਹੀਦਾ ਹੈ।* ਯਿਸੂ ਇੱਥੇ ਯਹੂਦੀਆਂ ਦੇ ਕੰਗਾਲਾਂ ਨੂੰ ਦਾਨ ਦੇਣ ਦੀ ਰੀਤ ਦੀ ਗੱਲ ਕਰ ਰਿਹਾ ਸੀ। ਯਿਸੂ ਨੇ ਆਪ ਵੀ ਬਹੁਤ ਸਾਰੀਆਂ ਲੋੜਾਂ ਪੂਰੀਆਂ ਕਰਦੇ ਹੋਏ ਤਰਸ ਦਾ ਨਮੂਨਾ ਦਿੱਤਾ ਸੀ। ਇਨ੍ਹਾਂ ਵਿੱਚੋਂ ਕੁਝ ਮੁਸ਼ਕਿਲਾਂ ਜਿਸਮਾਨੀ (ਭੁੱਖ, ਬੀਮਾਰੀ, ਰੋਗ ਅਤੇ ਮੌਤ) ਸਨ, ਜਦਕਿ ਹੋਰ ਦਿੱਕਤਾਂ ਰੂਹਾਨੀ ਸਨ (ਅਗਿਆਨਤਾ, ਭੂਤ ਚੰਬੜੇ ਹੋਣਾ ਅਤੇ ਰੂਹਾਨੀ ਮੌਤ)। ਸਾਡਾ ਦਾਨ ਲੋਕਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰਨ ਦੇ ਇਰਾਦੇ ਨਾਲ ਹੀ ਹੋਣਾ ਚਾਹੀਦਾ ਹੈ। ਯਾਕੂਬ ਲਿਖਦਾ ਹੈ, ''ਸਾਡੇ ਪਰਮੇਸੁਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਕਿ ਅਨਾਥਾਂ ਅਤੇ ਵਿਧਵਾਵਾਂ ਦੀ ਉਨ੍ਹਾਂ ਦੀ ਬਿਪਤਾ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ'' (ਯਾਕੂਬ 1:27)। ਉਸਨੇ ਦੱਸਿਆ ਕਿ ''ਸੁੱਧ'' ਲੈਣ ਤੋਂ ਉਸ ਦਾ ਕੀ ਭਾਵ ਸੀ। ''ਜੇ ਕੋਈ ਭਾਈ ਜਾਂ ਭੈਣ ਨੰਗਾ ਅਤੇ ਰਜਵੀਂ ਰੋਟੀ ਤੋਂ ਥੁੜਿਆ ਹੋਵੇ ਅਤੇ ਤੁਸਾਂ ਵਿੱਚੋਂ ਕੋਈ ਉਨ੍ਹਾਂ ਨੂੰ ਆਖੇ ਭਈ ਸੁੱਖ ਸਾਂਦ ਨਾਲ ਜਾਓ। ਨਿੱਘੇ ਅਤੇ ਰੱਜੇ ਪੁੱਜੇ ਰਹੋ ਪਰ ਜਿਹੜੀਆਂ ਵਸਤਾਂ ਸਰੀਰ ਲਈ ਲੋੜੀਦੀਆਂ ਹਨ ਓਹ ਤੁਸਾਂ ਉਨ੍ਹਾਂ ਨੂੰ ਨਾ ਦਿੱਤੀਆਂ ਤਾਂ ਕੀ ਲਾਭ
~~~

ਹੋਇਆ?'' (ਯਾਕੂਬ 2:15, 16)। ਲੋੜਵੰਦਾਂ ਲਈ ਹਮਦਰਦੀ ਰੱਖਣਾ ਕਿਸੇ ਕੰਮ ਨਹੀਂ ਆਉਂਦਾ ਇਸ ਕਰਕੇ ਸਾਨੂੰ ਉਨ੍ਹਾਂ ਦੀ ਨਿਰਾਸ਼ਾ ਨੂੰ ਦੂਰ ਕਰਨ ਲਈ ਕੁਝ ਕਰਨਾ ਜ਼ਰੂਰੀ ਹੁੰਦਾ ਹੈ। ਯਿਸੂ ਦੀ ਸਿੱਖਿਆ ਤੋਂ ਭਾਵ ਹੈ ਕਿ ਮੁਸੀਬਤ ਵਿਚ ਪਏ ਲੋਕਾਂ ਲਈ ਸਚਮੁਚ ਵਿਚ ਤਰਸ ਕਰਨਾ ਲੋੜਵੰਦ ਲੋਕਾਂ ਦੀ ਮਦਦ ਕਰਨ ਦਾ ਕਾਰਨ ਬਣੇਗਾ।

ਸਾਡਾ ਦਾਨ ਖ਼ੁਦਾ ਦੀ ਨਜ਼ਰ ਵਿਚ ਵੱਡਾ ਹੋਣ ਲਈ ਮਨੁੱਖਾਂ ਦੀ ਨਜ਼ਰ ਵਿਚ ਵੱਡਾ ਹੋਣਾ ਜ਼ਰੂਰੀ ਨਹੀਂ ਹੈ। ਇਕ ਵਿਧਵਾ ਦੇ ''ਤਾਂਬੇ ਦੇ ਦੋ ਛੋਟੇ ਸਿੱਕਿਆਂ'' ਦੇ ਯੋਗਦਾਨ ਨੇ ਯਿਸੂ ਦਾ ਧਿਆਨ ਖਿੱਚਿਆ ਸੀ (ਮਰਕੁਸ 12:41–44)। ਸਚਮੁਚ ਦੇ ਪਰਉਪਕਾਰ ਵਿਚ ਕੱਪੜੇ ਦੀ ਕੋਈ ਚੀਜ਼, ਗਰਮ ਖਾਣਾ ਜਾਂ ਪਾਣੀ ਦਾ ਠੰਡਾ ਗਲਾਸ ਵਰਗੀਆਂ ਛੋਟੀਆਂ–ਛੋਟੀਆਂ ਗੱਲਾਂ ਹਨ (10:42; 25:34–40)।

## ਦੁਆ (6:5-8)

ਪਿਤਾ ਨੂੰ ਸਾਡੇ ਮੰਗਣ ਤੋਂ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਸਾਨੂੰ ਕਿਸ ਚੀਜ਼ ਦੀ ਲੋੜ ਹੈ, ਤਾਂ ਫਿਰ ਉਹ ਕਿਉਂ ਚਾਹੁੰਦਾ ਹੈ ਕਿ ਅਸੀਂ ਮੰਗੀਏ? ਖ਼ੁਦਾ ਨੂੰ ਪਤਾ ਹੁੰਦਾ ਹੈ ਕਿ ਸਾਨੂੰ ਕੀ ਲੋੜ ਹੈ, ਪਰ ਫਿਰ ਵੀ ਉਹ ਚਾਹੁੰਦਾ ਹੈ ਕਿ ਅਸੀਂ ਉਹਦੇ ਨਾਲ ਗੱਲ ਕਰੀਏ (7:7; ਫ਼ਿਲਿੱਪੀਆਂ 4:6)। ਕਈ ਵਾਰ ਉਹ ਸਾਥੋਂ ਚਾਹੁੰਦਾ ਹੈ ਕਿ ਅਸੀਂ ਬਾਰ–ਬਾਰ ਮੰਗੀਏ। ਯਿਸੂ ਨੇ ਇਸ ਸਚਿਆਈ ਨੂੰ ਸਮਝਾਉਣ ਲਈ ਦੋ ਦ੍ਰਿਸ਼ਟਾਂਤ ਦੱਸੇ ਜਿਨ੍ਹਾਂ ਵਿਚੋਂ ਇਕ ਤਾਂ ਅੱਧੀ ਰਾਤ ਵੇਲੇ ਆਉਣ ਵਾਲੇ ਦੋਸਤ ਦਾ ਸੀ (ਲੂਕਾ 11:5–10) ਅਤੇ ਦੂਜਾ ਹੱਠੀ ਵਿਧਵਾ ਦਾ (ਲੂਕਾ 18:1–8)। ਜਿਵੇਂ ਯਿਸੂ ਨੇ ਗਥਸਮਨੀ ਵਿਚ ਇੱਕੋ ਹੀ ਗੱਲ ਲਈ ਤਿੰਨ ਵਾਰ ਦੁਆ ਕੀਤੀ (26:36–46), ਉਵੇਂ ਹੀ ਪੌਲੁਸ ਨੇ ਆਪਣੇ ''ਸਰੀਰ ਵਿੱਚੋਂ ਕੰਡਾ ਕੱਢੇ ਜਾਣ ਲਈ ਤਿੰਨ ਵਾਰ ਬੇਨਤੀ ਕੀਤੀ'' (2 ਕੁਰਿੰਥੀਆਂ 12:7–10)। ਖ਼ੁਦਾ ਨੂੰ ਸਾਡੀਆਂ ਦੁਆਵਾਂ ਦੇ ਵੱਡਾ ਜਾਂ ਛੋਟਾ ਹੋਣ ਦੀ ਉਨੀ ਪਰਵਾਹ ਨਹੀਂ ਹੈ ਜਿੰਨੀ ਇਸ ਗੱਲ ਦੀ ਕਿ ਸਾਡੇ ਦੁਆ ਕਰਨਾ ਛੱਡ ਦੇਣ ਦੇ ਝੁਕਾਅ ਦੀ। ਅਸੀਂ ਖ਼ੁਦਾ ਨੂੰ ਆਪਣੀਆਂ ਇੱਛਾਵਾਂ ਨਾਲ ਮੇਲ ਖਾਣ ਲਈ ਪਰੇਸ਼ਾਨ ਨਹੀਂ ਕਰ ਸਕਦੇ, ਪਰ ਕਈ ਵਾਰ ਉਹ ਸਾਨੂੰ ਸਮਝਾਉਣਾ ਚਾਹੁੰਦਾ ਹੋ ਸਕਦਾ ਹੈ ਹੋ ਕਿ ਕਿਸੇ ਖ਼ਾਸ ਦੁਆ ਲਈ ਸਾਨੂੰ ਉਸਦੇ ਜਵਾਬ ਦੀ ਕਿੰਨੀ ਸ਼ਿੱਦਤ ਨਾਲ ਲੋੜ ਹੈ।

ਸਹੀ ਦੁਆ ਕਰਨ ਲਈ ਸਾਫ਼ ਦਿਲ ਅਤੇ ਸਾਫ਼ ਇਰਾਦੇ ਹੋਣੇ ਜ਼ਰੂਰੀ ਹਨ। ਇਸ ਵਿਚ ਵਿਸ਼ਵਾਸ ਨਾਲ ਦੁਆ ਕਰਨਾ ਵੀ ਸ਼ਾਮਿਲ ਹੈ ਕਿ ਖ਼ੁਦਾ ਆਪਣੇ ਬੱਚਿਆਂ ਦੀ ਭਲਿਆਈ ਲਈ ਹਰ ਦੁਆ ਨੂੰ ਸੁਣਦਾ ਅਤੇ ਉਸ ਦਾ ਜਵਾਬ ਦਿੰਦਾ ਹੈ (1 ਯੂਹੰਨਾ 5:14, 15)। ਸਾਨੂੰ ਦੁਆ ਹਮੇਸ਼ਾ ''ਖ਼ੁਦਾ ਦੀ ਮਰਜ਼ੀ ਮੁਤਾਬਿਕ'' ਕਰਨੀ ਚਾਹੀਦੀ ਹੈ। ਉਹਦੀ ਮਰਜ਼ੀ ਦੇ ਬਗੈਰ ਅਸੀਂ ''ਤੇਰੀ ਇੱਛਾ ਪੂਰੀ ਹੋਵੇ'' ਦੀ ਦੁਆ ਨਹੀਂ ਕਰ ਸਕਦੇ। ਖ਼ੁਦਾ ਦੀ ਮਰਜ਼ੀ ਮੁਤਾਬਿਕ ਦੁਆ ਕਰਨ ਲਈ ਸਾਨੂੰ ਇਹ ਜਾਣਨ ਲਈ ਕਿ ਉਹ ਕੀ ਚਾਹੁੰਦਾ ਹੈ ਉਸਦੇ ਵਚਨ ਦਾ ਅਧਿਐਨ ਕਰਨਾ ਜ਼ਰੂਰੀ ਹੈ। ਜਦ ਅਸੀਂ ਸੱਚੇ ਦਿਲੋਂ ਦੁਆ ਕਰਦੇ ਹਾਂ ਕਿ ''ਤੇਰੀ ਮਰਜ਼ੀ ਪੂਰੀ ਹੋਵੇ,'' ਤਾਂ ਉਹ ਸਾਡੀਆਂ ਦੁਆਵਾਂ ਦਾ ਜਵਾਬ ਦਿੰਦਾ ਹੈ। ਹੋ ਸਕਦਾ ਹੈ ਕਿ ਉਹ ਕਹੇ, ''ਹਾਂ,'' ''ਨਹੀਂ,'' ਜਾਂ ''ਥੋੜ੍ਹੀ ਦੇਰ ਰੁਕ ਜਾ'' ਪਰ ਉਹ ਆਪਣੇ ਲੋਕਾਂ ਦੀਆਂ ਦੁਆਵਾਂ ਦਾ ਜਵਾਬ ਜ਼ਰੂਰ ਦਵੇਗਾ।

## ਆਦਰਸ਼ ਪ੍ਰਾਰਥਨਾ (6:9-13)

ਜਦ ਯਿਸੂ ਨੇ ਆਪਣੇ ਚੇਲਿਆਂ ਨੂੰ ਦੁਆ ਕਰਨੀ ਸਿਖਾਈ ਤਾਂ ਉਸਨੇ ਪੰਜ ਗੱਲਾਂ ਦੱਸੀਆਂ ਜਿਹੜੀਆਂ ਸਾਡੀ ਦੁਆ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ।

*ਪਹਿਲਾ, ਸਾਨੂੰ ਖ਼ੁਦਾ ਨੂੰ ਵਡਿਆਈ ਦੇਣੀ ਚਾਹੀਦੀ* ਹੈ (6:9)। ਸਾਡਾ ਰਚਣਹਾਰਾ, ਸੰਭਾਲਣ ਵਾਲਾ ਅਤੇ ਮੁਕਤੀਦਾਤਾ ਹੋਣ ਕਰਕੇ ਖ਼ੁਦਾ ਵਡਿਆਈ ਦੇ ਯੋਗ ਹੈ। ਸਾਨੂੰ ਪਿਆਰ, ਪਵਿੱਤਰਤਾਈ,

ਦਯਾ ਅਤੇ ਕਿਰਪਾ ਦੇ ਉਸਦੇ ਗੁਣਾਂ ਲਈ ਉਸਦੀ ਤਾਰੀਫ਼ ਕਰਨੀ ਚਾਹੀਦੀ ਹੈ (ਪ੍ਰਕਾਸ਼ ਦੀ ਪੋਥੀ 4:8–11)।

*ਦੂਜਾ, ਸਾਨੂੰ ਰਾਜ ਨੂੰ ਤਰਜੀਹ ਦੇਣੀ ਚਾਹੀਦੀ ਹੈ* (6:10)। ਯਿਸੂ ਨੇ ਆਪਣਾ ਰਾਜ ਭਾਵ ਕਲੀਸੀਆ ਕਾਇਮ ਕਰ ਦਿੱਤੀ ਹੈ (16:18, 19; ਰਸੂਲਾਂ ਦੇ ਕੰਮ 2)।ਪਰ ਅਸੀਂ ਰਾਜ ਦੇ ਵੱਧਣ, ਆਪਣੇ ਪ੍ਰਚਾਰਕਾਂ ਲਈ ਅਤੇ ਹਰ ਪ੍ਰਚਾਰਕ ਅਤੇ ਸਿਖਾਉਣ ਵਾਲੇ ਲਈ ਜਿਹੜਾ ਨੇਕ ਦਿਲੀ ਨਾਲ ਖ਼ੁਦਾ ਦੇ ਵਚਨ ਨੂੰ ਫੈਲਾਉਣ ਲਈ ਕੋਸ਼ਿਸ਼ ਕਰ ਰਿਹਾ ਹੈ, ਦੁਆ ਕਰਦੇ ਹਾਂ।

*ਤੀਜਾ, ਸਾਨੂੰ ਖਾਣੇ ਦੇ ਉਪਾਅ ਲਈ ਮੰਗਣਾ ਚਾਹੀਦਾ ਹੈ* (6:11)। ਖ਼ੁਦਾ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਸਾਨੂੰ ਕਿੰਨਾਂ ਚੀਜ਼ਾਂ ਦੀ ਲੋੜ ਹੈ (6:32), ਪਰ ਸਾਨੂੰ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਜਿਵੇਂ ਭੋਜਨ, ਕੱਪੜਾ ਅਤੇ ਮਕਾਨ ਲਈ ਦੁਆ ਵਿਚ ਉਹਦੇ ਕੋਲ ਜਾਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਸਭ ਗੱਲਾਂ ਲਈ ਜਿਹੜੀਆਂ ਉਸਨੇ ਸਾਡੇ ਲਈ ਬੀਤੇ ਸਮੇਂ ਵਿਚ ਕੀਤੀਆਂ ਹਨ, ਸ਼ੁਕਰ ਕਰਨਾ ਚਾਹੀਦਾ ਹੈ ਅਤੇ ਭਵਿੱਖ ਵਿਚ ਵੀ ਸਾਨੂੰ ਸੰਭਾਲਣ ਲਈ ਉਸ ਅੱਗੇ ਬੇਨਤੀ ਕਰਨੀ ਚਾਹੀਦੀ ਹੈ।

*ਚੌਥਾ, ਸਾਨੂੰ ਪਾਪਾਂ ਦੀ ਮਾਫ਼ੀ ਮੰਗਣੀ ਚਾਹੀਦੀ ਹੈ* (6:12)। ਮਸੀਹੀ ਲੋਕਾਂ ਨੂੰ ਭਾਵੇਂ ਪਿਛਲੇ ਪਾਪਾਂ ਤੋਂ ਬਚਾ ਲਿਆ ਗਿਆ ਹੈ ਪਰ ਇਸ ਦੇ ਬਾਵਜੂਦ ਅਸੀਂ ਖ਼ੁਦਾ ਦੀ ਉਮੀਦ ਤੇ ਖਰਾ ਨਹੀਂ ਉੱਤਰਦੇ। ਸਾਨੂੰ ਲਗਾਤਾਰ ਮਸੀਹ ਦੇ ਲਹੂ ਨਾਲ ਧੋਤੇ ਜਾਣ ਦੀ ਲੋੜ ਹੈ ਅਤੇ ਦੁਆ ਵਿਚ ਸਾਨੂੰ ਮਾਫ਼ੀ ਲਈ ਕਹਿੰਦੇ ਰਹਿਣਾ ਚਾਹੀਦਾ ਹੈ (1 ਯੂਹੰਨਾ 1:7–10)। ਜੇ ਅਸੀਂ ਖ਼ੁਦਾ ਤੋਂ ਸਾਨੂੰ ਮਾਫ਼ ਕਰਨ ਦੀ ਉਮੀਦ ਕਰਦੇ ਹਾਂ ਤਾਂ ਸਾਨੂੰ ਵੀ ਦੂਜਿਆਂ ਨੂੰ ਮਾਫ਼ ਕਰਨ ਵਾਲਾ ਮਨ ਵਿਖਾਉਣ ਦੀ ਲੋੜ ਹੈ।

*ਪੰਜਵਾਂ, ਸਾਨੂੰ ਬੁਰਿਆਈ ਤੋਂ ਬਚਾਣ ਲਈ ਬੇਨਤੀ ਕਰਨੀ ਚਾਹੀਦੀ ਹੈ* (6:13)। ਸਾਨੂੰ ਉਸ ਰੂਹਾਨੀ ਲੜਾਈ ਬਾਰੇ ਜਿਹੜੀ ਸਾਡੇ ਆਲੇ ਦੁਆਲੇ ਲੜੀ ਜਾ ਰਹੀ ਹੈ, ਚੌਂਕਸ ਰਹਿਣਾ (ਅਫ਼ਸੀਆਂ 6:10–20) ਅਤੇ ਸਾਡੇ ਸਾਹਮਣੇ ਆਉਣ ਵਾਲੀਆਂ ਅਜ਼ਮਾਇਸ਼ਾਂ ਤੇ ਕਾਬੂ ਪਾਉਣ ਲਈ ਪਵਿੱਤਰ ਆਤਮਾ ਦੇ ਰਾਹੀਂ ਸਾਨੂੰ ਅਜ਼ਮਾਇਸ਼ ਤੋਂ ਬਚਾਉਣ ਅਤੇ ਸ਼ਕਤੀ ਲਈ ਖ਼ੁਦਾ ਨੂੰ ਕਹਿਣਾ ਜ਼ਰੂਰੀ ਹੈ।

ਡੇਵਿਡ ਸਟਿਵਰਟ

## ਆਦਰਸ਼ ਦੁਆ ਨੂੰ ਦੁਹਰਾਉਣਾ (6:9-13)

ਆਦਰਸ਼ ਪ੍ਰਾਰਥਨਾ ਬਾਰ ਬਾਰ ਦੁਆ ਕਰਨ ਦੇ ਇਰਾਦੇ ਨਾਲ ਨਹੀਂ ਕੀਤੀ ਗਈ ਸੀ। ਇਸਨੂੰ ਪ੍ਰਭੂ ਵੱਲੋਂ ਆਪਣੇ ਚੇਲਿਆਂ ਲਈ ਦੁਆ ਦੀਆਂ ਬੁਨਿਆਦੀ ਗੱਲਾਂ ਸਿੱਖਣ ਵਾਸਤੇ ਨਮੂਨੇ ਦੇ ਤੌਰ ਤੇ ਦਿੱਤਾ ਗਿਆ ਹੈ (ਲੂਕਾ 11:1–4)। ਇਸ ਦੁਆ ਨੂੰ ਬਾਰ ਬਾਰ ਬੋਲਣਾ ''ਬਕ–ਬਕ ਕਰਨ'' ਦੀ ਯਿਸੂ ਦੀ ਪਹਿਲਾਂ ਕਹੀ ਗਈ ਗੱਲ ਦਾ ਉਲੰਘਣ ਹੈ (6:7)। ਯਹੂਦੀਆਂ ਨੇ ਕਈ ਦੁਆਵਾਂ ਰਟੀਆਂ ਹੁੰਦੀਆਂ ਸਨ ਜੋ ਉਨ੍ਹਾਂ ਨੂੰ ਐਨੀਆਂ ਯਾਦ ਸਨ ਕਿ ਕਈ ਵਾਰ ਉਨ੍ਹਾਂ ਨੂੰ ਇਨ੍ਹਾਂ ਦਾ ਮਤਲਬ ਹੀ ਪਤਾ ਨਹੀਂ ਹੁੰਦਾ ਸੀ। ਦੁਆ ਦੀਆਂ ਕਿਤਾਬਾਂ ਦੀ ਵਰਤੋਂ ਕਰਨ ਵਾਲੇ ਲੋਕ ਲਗਦਾ ਹੈ ਕਿ ਕੁਝ ਅਜਿਹਾ ਹੀ ਕਰਦੇ ਹਨ। ਹੋ ਸਕਦਾ ਹੈ ਕਿ ਉਹ ਸਿਰਫ਼ ਸ਼ਬਦਾਂ ਨੂੰ ਪੜ੍ਹ ਕੇ ਜਾਂ ਉਨ੍ਹਾਂ ਵਾਕਾਂ ਨੂੰ ਖੋਲ ਕੇ ਜਿਨ੍ਹਾਂ ਦਾ ਉਨ੍ਹਾਂ ਲਈ ਅਸਲ ਵਿਚ ਕੋਈ ਮਤਲਬ ਨਾ ਹੋਵੇ, ਬਗੈਰ ਸੋਚੇ ਬੋਲਦੇ ਰਹਿੰਦੇ ਹੋਣ। ਪੂਰੀ ਇਮਾਨਦਾਰੀ ਨਾਲ ਅਸੀਂ ਉਹੀ ਕੰਮ ਕਰ ਸਕਦੇ ਹਾਂ ਜਦ ਅਸੀਂ ਉਨ੍ਹਾਂ ਗੱਲਾਂ ਨੂੰ ਦੁਹਰਾਉਂਦੇ ਰਹਿੰਦੇ ਹਾਂ ਜਿਹੜੀਆਂ ਗੱਲਾਂ ਸੱਚੇ ਮਨੋਂ ਜਾਂ ਦੁਆ ਨਾਲ ਨਹੀਂ। ਨਵੇਂ ਨੇਮ ਵਿਚ ਕਿਤੇ ਵੀ ਇੰਜੀਲ ਦੀਆਂ ਕਿਤਾਬਾਂ ਹੋਣ, ਰਸੂਲਾਂ ਦੇ ਕੰਮ ਜਾਂ ਪੱਤਰੀਆਂ, ਸਾਨੂੰ ਮੁੱਢਲੇ ਮਸੀਹੀ ਲੋਕਾਂ ਦੇ ਯਿਸੂ ਦੀ ਆਦਰਸ਼ ਪ੍ਰਾਰਥਨਾ ਦੇ ਸ਼ਬਦਾਂ ਨੂੰ ਦੁਹਰਾਉਣ ਦੀ ਗੱਲ ਨਹੀਂ ਮਿਲਦੀ।[32] ਯਕੀਨਨ ਹੀ ਉਨ੍ਹਾਂ ਸ਼ਬਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਨੂੰ ਦੁਹਰਾਉਣਾ ਫ਼ਾਇਦੇਮੰਦ ਹੋਵੇਗਾ ਜਿਵੇਂ ਬਾਈਬਲ ਦੀ ਕਿਸੇ ਹੋਰ ਆਇਤ ਨੂੰ, ਜਾਂ ਅੱਜ ਸਾਡੇ ਲਈ ਉਸਦੇ ਅਰਥ ਨੂੰ ਸਮਝਾਉਣਾ ਹੈ। ਪਰ ਯਿਸੂ ਨੇ ਕਦੇ ਵੀ ਇਸ ਦੁਆ ਨੂੰ ਦੁਹਰਾਉਣ ਦੇ

ਅਰਥ ਵਿਚ ਜਾਂ ਰਵਾਇਤ ਦੇ ਰੂਪ ਵਿਚ ਦੇਣ ਦਾ ਇਰਾਦਾ ਨਹੀਂ ਸੀ ਰੱਖਿਆ।

## "ਹੇ ਸਾਡੇ ਪਿਤਾ" (6:9)

ਖ਼ੁਦਾ ਦੇ ਪਰਿਵਾਰ ਵਿਚ ''ਨਵਾਂ ਜਨਮ'' ਪਾ ਲੈਣ ਵਾਲਿਆਂ ਦਾ ਹੀ ਉਹ ਰੂਹਾਨੀ ਪਿਤਾ ਹੈ (ਯੂਹੰਨਾ 3:3; ਮੱਤੀ 23:9)। ਇਕ ਅਰਥ ਵਿਚ ਸਭ ਲੋਕ ਖ਼ੁਦਾ ਦੀ ਸੰਤਾਨ ਹਨ, ਕਿਉਂ ਜੋ ਉਸਨੇ ਸਾਨੂੰ ਪੀੜ੍ਹੀ ਦੇ ਰਾਹੀਂ ਜਨਮ ਦਿੱਤਾ ਹੈ ਪਰ ਸਿਰਫ਼ ''ਨਵਾਂ ਜਨਮ'' ਪਾ ਕੇ ਉਸ ਦੇ ਕੋਲ ਆਉਣ ਵਾਲੇ ਹੀ ਉਸਦੀ ਰੂਹਾਨੀ ਸੰਤਾਨ ਹਨ। ਅੱਜ ਕੁਝ ਲੋਕ ਨਿਰੇ ਵਿਸ਼ਵਾਸ ਦੇ ਅਧਾਰ ਤੇ ਖ਼ੁਦਾ ਦੇ ਨਾਲ ''ਪੁੱਤਰ ਹੋਣ ਦਾ'' ਦਾਅਵਾ ਕਰਨਾ ਚਾਹੁੰਦੇ ਹਨ, ਪਰ ਇਹ ਨਾਕਾਫ਼ੀ ਹੈ (ਗਲਾਤੀਆਂ 3:26, 27)। ਕੁਝ ਲੋਕ ਨਵੇਂ ਜਨਮ ਵਿੱਚੋਂ ਪਾਣੀ ਨੂੰ ਕੱਢ ਦੇਣਾ ਚਾਹੁੰਦੇ ਹਨ, ਪਰ ''ਜਲ ਅਰ ਆਤਮਾ'' ਤੋਂ ਜਨਮ ਲਏ ਬਗੈਰ ਖ਼ੁਦਾ ਦੇ ਰੂਹਾਨੀ ਬੇਟੇ ਜਾਂ ਬੇਟੀ ਹੋਣਾ ਨਾਮੁਮਕਿਨ ਹੈ (ਯੂਹੰਨਾ 3:5)। ਖ਼ੁਦਾ ਦਾ ਕੋਈ ਮਤਰੇਆ ਬੱਚਾ ਨਹੀਂ ਹੈ। ਖ਼ੁਦਾ ਦੀ ਸੰਤਾਨ ਹੋਣ ਦੀ ਇਕ ਬਰਕਤ ਜਵਾਬ ਮਿਲੀ ਦੁਆ ਦਾ ਵਾਅਦਾ ਹੈ (1 ਪਤਰਸ 3:12; 1 ਯੂਹੰਨਾ 5:14, 15)। ਜੇ ਅਸੀਂ ਮਸੀਹੀ ਹਾਂ ਤਾਂ ਖ਼ੁਦਾ ਸਾਡਾ ਪਿਤਾ ਹੈ–''ਹੇ ਸਾਡੇ ਪਿਤਾ, ਜਿਹੜਾ ਸੁਰਗ ਵਿਚ ਹੈਂ।'' ਸੁਰਗ ਦੇ ਸਾਰੇ ਵਸੀਲੇ ਸਾਨੂੰ ਦੁਆ ਕਰਨ ਤੇ ਮਿਲ ਜਾਂਦੇ ਹਨ। ਪੌਲੁਸ ਨੇ ਲਿਖਿਆ ਕਿ ''ਸਾਡੇ ... ਪਰਮੇਸ਼ੁਰ ... ਨੇ ਮਸੀਹ ਵਿਚ ਸੁਰਗੀ ਥਾਂਵਾਂ ਵਿਚ ਸਭ ਪਰਕਾਰ ਦੀਆਂ ਆਤਮਿਕ ਬਰਕਤਾਂ ਨਾਲ ਬਰਕਤ ਦਿੱਤੀ'' ਹੈ (ਅਫ਼ਸੀਆਂ 1:3)। ਖ਼ੁਦਾ ਆਪਣੇ ਬੱਚਿਆਂ ਨੂੰ ਬਰਕਤ ਦੇਣਾ ਚਾਹੁੰਦਾ ਹੈ (7:7–11)।

## "ਤੇਰਾ ਰਾਜ ਆਵੇ" (6:10)

ਰਾਜ ਦੇ ਆਉਣ ਦੀ ਦੁਆ ਦਾ ਜਵਾਬ ਪੈਂਟੀਕਾਸਟ ਵਾਲੇ ਦਿਨ ਦੇ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 2)। ਬੇਸ਼ੱਕ ਮਸੀਹੀ ਲੋਕਾਂ ਲਈ ਅੱਜ ਰਾਜ ਦੇ ਆਉਣ ਦੀ ਦੁਆ ਕਰਨਾ ਸਹੀ ਨਹੀਂ ਹੈ। ਪਰ ਸਾਡੇ ਲਈ ਖ਼ੁਦਾ ਦੀ ਮਰਜ਼ੀ ''ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ। ਤਿਹੀ ਜ਼ਮੀਨ ਉੱਤੇ ਹੋਣ ਲਈ ਵੀ ਦੁਆ ਕਰਨਾ ਚੰਗਾ ਹੈ।'' ਹੁਣ ਜਦਕਿ ਰਾਜ ਹੈ ਤਾਂ ਖ਼ੁਦਾ ਦੀ ਮਰਜ਼ੀ ਧਰਤੀ ਉੱਤੇ ਉਨ੍ਹਾਂ ਲੋਕਾਂ ਰਾਹੀਂ ਪੂਰੀ ਕੀਤੀ ਜਾ ਰਹੀ ਹੈ ਜੋ ਉਸ ਦਾ ਆਦਰ ਕਰਦੇ ਹਨ। ਪਰਮੇਸ਼ੁਰ ਸਰਵਸ਼ਕਤੀਮਾਨ ਹੈ ਪਰ ਉਸਨੇ ਮਨੁੱਖ ਨੂੰ ਆਪਣੀ ਮਰਜ਼ੀ ਚੁਣਨ ਦੀ ਛੋਟ ਦਿੱਤੀ ਹੋਈ ਹੈ। ਇਸ ਦਾ ਮਤਲਬ ਇਹ ਹੈ ਕਿ ਅਸੀਂ ਚਾਹੀਏ ਤਾਂ ਉਸਦੀ ਮਰਜ਼ੀ ਪੂਰੀ ਕਰਨੀ ਚੁਣੀਏ, ਨਹੀਂ ਤਾਂ ਨਹੀਂ।

ਇਸ ਸੰਦਰਭ ਦੇ ਅਧਾਰ ਤੇ ਅੱਜ ਸਾਨੂੰ ਕੀ ਦੁਆ ਕਰਨੀ ਚਾਹੀਦੀ ਹੈ? ਪਹਿਲਾਂ ਤਾਂ ਸਾਡੇ ਵਿੱਚੋਂ ਹਰ ਕਿਸੇ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਖ਼ੁਦਾ ਦੀ ਮਰਜ਼ੀ ਪੂਰੀ ਕਰਨ ਲਈ ਦੁਆ ਕਰਨ ਦੀ ਲੋੜ ਹੈ। ਫਿਰ ਇਹ ਦੁਆ ਕਰਨੀ ਸਹੀ ਹੈ ਕਿ ਉਸ ਦਾ ਰਾਜ ਧਰਤੀ ਉੱਤੇ ਵੀ ਉਵੇਂ ਹੀ ਹੋਵੇ ਜਿਵੇਂ ਸੁਰਗ ਵਿਚ ਹੈ। ਸਾਡੀਆਂ ਦੁਆਵਾਂ ਇਹੀ ਹੋਣੀਆਂ ਚਾਹੀਦੀਆਂ ਹਨ ਕਿ ਹਰ ਜਵਾਬਦੇਹ ਆਦਮੀ ਪਿਤਾ ਦੀ ਇੱਛਾ ਨਾਲ ਮੇਲ ਖਾਂਦੀ ਇੱਛਾ ਰੱਖੇ।

## ਰੋਜ਼ਾ ਰੱਖਣ ਦੇ ਕਾਰਣ (6:16-18)

ਬੇਸ਼ੱਕ ਮਸੀਹੀ ਲੋਕਾਂ ਲਈ ਰੋਜ਼ਾ ਰੱਖਣ ਦਾ ਕੋਈ ਹੁਕਮ ਨਹੀਂ ਹੈ, ਪਰ ਯਕੀਨਨ ਹੀ ਯਿਸੂ ਦੀ ਗੱਲ ਦਾ ਮਤਲਬ ਹੈ ਕਿ ਉਸਦੇ ਚੇਲਿਆਂ ਨੇ ਰੋਜ਼ਾ ਰੱਖਣਾ ਸੀ। ਰੋਜ਼ਾ ਰੱਖਣ ਦੀ ਗੱਲ ਨੂੰ ਨਜ਼ਰਅੰਦਾਜ਼ ਕਰਕੇ ਅਸੀਂ ਕਈ ਫ਼ਾਇਦਿਆਂ ਤੋਂ ਜਿਹੜੇ ਜਿਸਮਾਨੀ ਵੀ ਹੋ ਸਕਦੇ ਹਨ ਅਤੇ ਰੂਹਾਨੀ ਵੀ, ਵਾਂਝੇ ਰਹਿ ਸਕਦੇ ਹਾਂ। ਰੋਜ਼ਾ ਰੱਖਣ ਦੇ ਕੁਝ ਵਧੀਆ ਕਾਰਣ ਇਸ ਤਰ੍ਹਾਂ ਹਨ:

1. ਆਪਣੇ ਆਪ ਨੂੰ ਖ਼ੁਦਾ ਦੀ ਨਜ਼ਰ ਵਿਚ ਹਲੀਮ ਬਣਾਉਣਾ (1 ਰਾਜਿਆਂ 21:27–29; ਅਜ਼ਰਾ 8:21; ਜ਼ਬੂਰ 35:12, 13)।
2. ਕਿਸੇ ਖ਼ਾਸ ਚਿੰਤਾ ਉੱਤੇ ਧਿਆਨ ਲਾਉਣਾ ਜਿਹਦੇ ਲਈ ਸਾਨੂੰ ਦੁਆ ਕਰਨ ਦੀ ਲੋੜ ਹੈ।
3. ਆਪਣੀਆਂ ਜ਼ਿੰਦਗੀਆਂ ਵਿਚ ਰੂਹਾਨੀ ਗੱਲਾਂ ਨੂੰ ਪਹਿਲ ਦੇਣਾ। ਰੋਜ਼ਾ ਰੱਖਣਾ ਸਾਨੂੰ ਦੁਨੀਆਂ ਦੀਆਂ ਗੱਲਾਂ ਵੱਲ ਘੱਟ ਧਿਆਨ ਦੇਣ ਅਤੇ ਖ਼ੁਦਾ ਅਤੇ ਰੂਹਾਨੀ ਗੱਲਾਂ ਵੱਲ ਵੱਧ ਧਿਆਨ ਦੇਣ ਵਿਚ ਮਦਦਗਾਰ ਹੋ ਸਕਦਾ ਹੈ।
4. ਅਜ਼ਮਾਇਸ਼ ਵਿਚ ਟਿਕੇ ਰਹਿਣ ਲਈ ਆਪਣੇ ਸੰਜਮ ਅਤੇ ਯੋਗਤਾ ਨੂੰ ਵਧਾਉਣ ਲਈ ਰੋਜ਼ਾ ਰੱਖਣ ਨਾਲ ਸਵੈਕਾਬੂ ਵੱਧ ਸਕਦਾ ਹੈ ਅਤੇ ਰੂਹਾਨੀ ਪਰਿਪੱਕਤਾ ਵੱਧ ਸਕਦੀ ਹੈ ਅਤੇ ਰੂਹਾਨੀ ਪਰਿਪੱਕਤਾ ਨਾਲ ਖ਼ੁਦਾ ਨਾਲ ਨੇੜਤਾ ਵੱਧ ਸਕਦੀ ਹੈ।

---

ਟਿੱਪਣੀਆਂ

[1]ਕ੍ਰੇਗ ਐਸ. ਕੀਨਰ, *ਏ ਕਮੈਂਟਰੀ ਆਨ ਦ ਮੈਥਿਉ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ, 1999), 207. ਟੋਬੀਟ 12:8 ਵਿਚ ''ਦਾਨ ਦੇਣ,'' ''ਦੁਆ,'' ਅਤੇ ''ਰੋਜ਼ਾ ਰੱਖਣ'' ਬਾਰੇ ਇਕੱਠੇ ਦੱਸਿਆ ਗਿਆ ਹੈ, ਪਰ ਇਸ ਵਿਚ ਇਕ ਵੱਖਰੀ ਚੀਜ਼ ਦੇ ਰੂਪ ਵਿਚ ''ਧਰਮ'' ਨੂੰ ਵੀ ਮਿਲਾਇਆ ਗਿਆ ਹੈ। [2]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਉਂਡ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 43 ਵਿਚ ਮਾਈਕਲ ਜੇ. ਵਿਲਕਿੰਸ, *''ਮੈਥਿਊ।''* [3]ਟੋਬੀਟ 12:9 (NRSV)। [4]ਮਿਸ਼ਨਾਹ *ਸ਼ੇਕਾਲਿਮ* 2.1; 6.1, 5. [5]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 98–99. [6]ਉਹੀ, 99. [7]ਸੀਰਾਚ 1:29. [8]ਵਿਲਕਿੰਸ, 44. [9]ਸੇਸਲਸ ਸਪਿਕ, *ਥਿਓਲੌਜੀਕਲ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ*, ਸੰਪਾ. ਜੇਮਸ ਡੀ. ਅਰਨੈਸਟ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 1994), 1:162–64. [10]ਰੌਬਰਟ ਐਚ. ਗੁੰਡਰੀ, *ਮੈਥਿਊ: ਏ ਕਮੈਂਟਰੀ ਆਨ ਹਿਜ਼ ਲਿਟਰੇਰੀ ਐਂਡ ਥਿਓਲੋਜੀਕਲ ਆਰਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982), 102.

[11]ਮਿਸ਼ਨਾਹ *ਸ਼ੇਕਾਲਿਮ* 5.6. [12]ਟਾਲਮੁਡ *ਬਾਬਾ ਬਥਰਾ* 9ਬੀ। [13]ਉਹੀ, 10ਬੀ। [14]ਡੇਵਿਡ ਹਿਲ, *ਦ ਗੌਸਪਲ ਆਫ਼ ਮੈਥਿਊ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1972), 133. [15]ਵੇਖੋ ਜੋਸੇਫ਼ਸ *ਐਂਟੀਕੁਈਟੀਜ਼* 14.4.3. [16]*ਡਿਡੇਕ* 8.3. [17]ਰੌਬਰਟ ਐਚ. ਮਾਊਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 1991), 54–55. [18]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 141, n. 22. [19]ਇਕ ਰੱਬੀ ਨੇ ਕਿਹਾ ਹੈ ਕਿ ''ਹਰ ਕਿਸੇ ਦੀ ਜਿਹੜਾ ਦੁਆ ਨੂੰ ਵਧਾਉਂਦਾ ਹੈ ਸੁਣੀ ਜਾਵੇਗੀ'' (ਜੌਨ ਲਾਈਟਫੁਟ, *ਏ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ ਫ਼ਰਾਮ ਦ ਟਾਲਮੁਡ ਐਂਡ ਹੇਬ੍ਰੇਕਾ: ਮੈਥਿਊ–1 ਕੋਰਿੰਥੀਅੰਜ਼*, ਜਿਲਦ 2, *ਮੈਥਿਊ–ਮਾਰਕ* [ਆਕਸਫ਼ੋਰਡ: ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ, 1859; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ, 1979], 145)। [20]ਕੀਨਰ, 213; ਜੌਨ ਈ. ਸਟੈਂਬੌ ਐਂਡ ਡੇਵਿਡ ਐਲ. ਬਾਲਚ, *ਦ ਨਿਊ ਟੈਸਟਾਮੈਂਟ ਇਨ ਇਟਸ ਸੋਸ਼ਲ ਇਨਵਾਇਰਨਮੈਂਟ*, ਲਾਇਬ੍ਰੇਰੀ ਆਫ਼ ਅਰਲੀ ਕ੍ਰਿਸਚਿਐਨਿਟੀ, ਜਿਲਦ 2 (ਫ਼ਿਲਾਡੈਲਫ਼ੀਆ: ਵੈਸਟਮਿਨਸਟਰ ਪ੍ਰੈੱਸ, 1986), 129 ਨੂੰ ਦੁਹਰਾਉਂਦਿਆਂ।

[21]ਮਾਉਂਸ, 55. [22]ਵਿਲਕਿੰਸ, 44–45. [23]ਜੌਨ ਆਰ. ਡਬਲਯੂ. ਸਟੌਟ, *ਦ ਮੈਸੇਜ ਆਫ਼ ਦ ਸਰਮਨ ਆਨ ਦ ਮਾਉਂਟ (ਮੈਥਿਊ 5–7): ਕ੍ਰਿਸਚਿਅਨ ਕਾਉਂਟਰ ਕਲਚਰ,* ਦ ਬਾਈਬਲ ਸਪੀਕਸ ਟੁਡੇ (ਡਾਊਨਰਜ਼ ਗ੍ਰੋਵ, ਇਲਿਨੋਇਃ ਪ੍ਰੈੱਸ, 1978), 144. [24]ਵਿਜ਼ਡਮ ਆਫ਼ ਸੋਲੋਮਨ 14:3; ਸੀਰਾਚ 23:1, 4. [25]ਕ੍ਰੇਗ ਏ. ਏਵੰਜ਼, ਸੰਪਾ. *ਦ ਬਾਈਬਲ ਨੌਲੇਜ ਬੈਕਗ੍ਰਾਉਂਡ ਕਮੈਂਟਰੀਃ ਮੈਥਿਊ, ਲੂਕ,* ਬਾਈਬਲ ਨਾਲੇਜ ਸਟੋਰੀਜ਼, ਜਿਲਦ 1 (ਕੋਲੋਰਾਡੋ ਸਪ੍ਰਿੰਗਸ, ਕੋਲੋਰਾਡੋਃ ਵਿਕਟਰ, 2003), 232. [26]*ਡਿਡੇਕ* 8.2. [27]ਇਸ ਵਾਅਦੇ ਦਾ ਕਿ ''ਮੈਂ ਉਨ੍ਹਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ'' (ਇਬਰਾਨੀਆਂ 8:12; 10:17) ਮਤਲਬ ਸਿਰਫ਼ ਐਨਾ ਹੈ ਕਿ ਖ਼ੁਦਾ ਸਾਨੂੰ ਸਾਡੀਆਂ ਗਲਤੀਆਂ ਲਈ ਸਜ਼ਾ ਨਹੀਂ ਦਵੇਗਾ। ਵੇਖੋ ਐਫ਼. ਐਫ. ਬਰੂਸ, *ਦ ਐਪਿਸਟਲ ਟੂ ਦ ਇਬਰੂਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1964), 175. [28]ਮਿਸ਼ਨਾਹ *ਯੋਮਾ* 8.1. [29]ਮਿਸ਼ਨਾਹ *ਟਾਨਿਥ* 1.4–7; 2.9. ਦੂਜੀ ਸਦੀ ਦੀ ਕਿਤਾਬ ਦ *ਡਿਡੇਕ* ਵਿਚ ਵਿਸ਼ਵਾਸੀਆਂ ਨੂੰ ਇਸ ਤਰ੍ਹਾਂ ਦੱਸਿਆ ਗਿਆ ਸੀਃ ''ਪਰ ਤੁਹਾਡੇ ਰੋਜ਼ੇ ਕਪਟੀਆਂ ਦੇ ਰੋਜ਼ਿਆਂ ਨਾਲ ਮਿਲਦੇ ਨਾ ਹੋਣ। ਉਹ ਸੋਮਵਾਰ ਅਤੇ ਵੀਰਵਾਰ ਨੂੰ ਰੋਜ਼ਾ ਰੱਖਦੇ ਹਨ, ਇਸ ਕਰਕੇ ਤੁਸੀਂ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਰੋਜ਼ਾ ਰੱਖਣਾ'' (*ਡਿਡੇਕ* 8.1)। [30]ਦਾਊਦ ਦੇ ਰੋਜ਼ੇ ਦੇ ਸਮੇਂ ਦੇ *ਬਾਅਦ* ਹੀ ਉਸਨੇ ''ਨਹਾਤਾ, ਸੁਗੰਧਤਾ ਲਾਈ, ਲੀੜੇ ਬਦਲੇ'' (2 ਸਮੂਏਲ 12:20)।

[31]ਕੀਨਰ, 228. [32]ਪਰ ਆਦਰਸ਼ ਪ੍ਰਾਰਥਨਾ ਨੂੰ ਦੁਹਰਾਉਣ ਦੀ ਗੱਲ ਦੂਜੀ ਸਦੀ ਵਿਚ ਵੀ ਮਿਲਦੀ ਹੈ। ਸ਼ਾਇਦ ਯਹੂਦੀਆਂ ਦੀਆਂ ਰੀਤਾਂ ਵਾਂਗ ਵਿਖਾਉਣ ਲਈ *ਡਿਡੇਕ* ਵਿਚ ਵਿਸ਼ਵਾਸੀਆਂ ਨੂੰ ਆਦਰਸ਼ ਪ੍ਰਾਰਥਨਾ ਦਿਨ ਵਿਚ ਤਿੰਨ ਵਾਰ ਕਰਨ ਦੀ ਹਦਾਇਤ ਹੈ (*ਡਿਡੇਕ* 8.2, 3.)।